ਅਰਜ਼ੋਈਆਂ

ਅਰਜ਼ਪ੍ਰੀਤ

www.PunjabiLibrary.com

ਅਰਜ਼ੋਈਆਂ

ਅਰਜ਼ਪ੍ਰੀਤ ਸਿੰਘ

ਸੂਰਜਾਂ ਦੇ ਵਾਰਿਸ ਪ੍ਰਕਾਸ਼ਨ

www.PunjabiLibrary.com

ARZOIAN

(A book of poetry)

by

Arajpreet Singh
VPO Dappar
Dera Bassi, Mohali
Punjab, 140506
+918557818557
instagram/arzpreet

ISBN 978-81-938800-3-6

© Author

Edition-Second

2019

Published by :
Surjan De Varis Prakashan
V.P.O. Bhunder (Bathinda)
Gurpreet Singh Thind
Mob. 86999-40654
Gagan Harsh
Mob. 94633-32553
E-mail : gurpreethind74@gmail.com

Printed & Bound at:
Printwell Press, Amritsar

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.

www.PunjabiLibrary.com

ਤਤਕਰਾ

- ਧੰਦੇ ਵਾਲੀ ਤੇ ਫਕੀਰ
- ਮੈਂ ਵਣ ਮਾਛੀਵਾੜਾ ਬੋਲ ਰਿਹਾ
- ਅੱਬਾ
- ਸਖੀਏ ਸਹੇਲੀਏ ਨੀਂ
- ਚਾਰ ਮੁਲਾਕਾਤਾਂ/ ਚਾਰ ਹੰਝੂ
- ਅਰਜੋਈ
- ਸਵੇਰ ਨਾਲ ਵਾਰਤਾ
- ਇਸ਼ਕ ਸ੍ਰਿਆਂ
- ਮੈ ਪਰੇਸ਼ਾਨ ਹਾਂ
- ਮਾਏਂ ਨੀ
- ਲੀੜੇ ਗਿੱਲੇ ਨੇ
- ਆਖਰ ਵੇਲਾ
- ਮਹਿਰਮਾਂ
- ਇਸ਼ਕ
- ਮੌਨ
- ਦੇਸ਼ ਦੀ ਲੜਕੀ
- ਰਾਗ ਵੈਰਾਗ
- ਸ਼ਿਵ ਕੁਮਾਰ ਬਟਾਲਵੀ ਲਈ
- ਸੁਨੇਹੜੇ
- ਮਿਹਣੇ
- ਸੱਧਰਾਂ ਖਵਾਹਿਸ਼ਾ
- ਲੇਹਲੜੀਆਂ
- ਮੱਸਿਆ ਦਾ ਚੰਨ
- ਬਿਰਹੜਾ
- ਓਹਦੇ ਦੇਸ਼
- ਸੁਰਮੇ ਦੇ ਦਾਗ
- ਇਸ਼ਕਾਂ ਦੇ ਢੰਗ
- ਇਸ਼ਕ ਹਕੀਕੀ
- ਐਤਬਾਰ
- ਨਬਜ਼
- ਤੂੰ ਹੀ
- ਅਵਤਾਰ ਪਾਸ਼ ਨੂੰ ਸਮਰਪਿਤ
- ਆਖਰੀ ਮਹਿਫਲ
- ਮਸਜਿਦ 'ਚ ਰਹਿਰਾਸ
- ਦਰਦ ਕਮਾਉਣਾ ਬਾਕੀ ਐ
- ਸ਼ਾਇਰ
- ਦੋਗਲਾਪਨ
- ਮੇਰੀ ਖਮੋਸ਼ੀ
- ਤੋਹਫਾ
- ਤੇਰੀ ਖਾਤਰ
- ਪੇਕੇ ਸਹੁਰੇ
- ਆਸਿਫਾ ਲਈ
- ਕੰਡਿਆ ਵਾਲੇ ਕੈਕਟਸ
- ਤੇਰਾ ਸਾਥ
- ਦਿਲ ਨੂੰ ਲਾਵਣ ਰੋਗ ਅਵੱਲੇ
- ਮਾਂ ਮੈਂ ਐਦਾਂ ਨ੍ਹਈਓਂ ਮਰਨਾਂ
- ਪੰਜਆਬ
- ਛੇਵਾਂ ਦਰਿਆ
- ਨੀਲੇ ਬਾਣੇ
- ਇਨਸਾਨੀਅਤ
- ਖਰਾਬ ਨਸਲਾਂ
- ਜ਼ਹਿਰ
- ਪਹਿਲੀ ਨਜ਼ਰ ਚ ਪਿਆਰ।
- ਉਹ ਸ਼ਬਦ ਸੀ "ਮਾਂ"
- ਮੈਂ ਆਖਦਾ ਹਾਂ
- ਹਾਦਸਾ
- ਲਘੂ ਕਹਾਣੀ – ਬਾਬਾ ਨਾਜ਼ਰ
- ਕੁਦਰਤ
- ਪੁੰਗਰਦੀ ਕਵਿਤਾ
- ਕਵਿਤਾ ਦਾ ਕਾਤਿਲ।
- ਇਕ ਸ਼ਾਇਰ
- ਮੁਹੱਬਤ ਦੀ ਪਰਿਭਾਸ਼ਾ
- ਇੱਕ ਗੱਲ
- ਵਾਹ ਓਏ ਸੱਜਣਾਂ
- ਰੱਬੀ ਰਿਸ਼ਤਾ
- ਮੈਂ ਦਿਲ ਤੋਂ ਮੁੱਹਬਤ ਨਹੀਂ ਕਰਦਾ
- ਕੁਦਰਤੀ ਫਲਸਫੇ
- ਇਕ ਹੋ ਜਾਈਏ
- ਆਖਰੀ ਖਤ

www.PunjabiLibrary.com

ੴ

"ਆਦਿ ਸਚੁ ਜੁਗਾਦਿ ਸਚੁ"

ਪਹਿਲਾ ਰਾਬਤਾ 'ਅਰਜ਼ਪ੍ਰੀਤ' ਨਾਲ ਫੋਨ ਦੁਆਰਾ ਹੋਇਆ ਸੀ। ਫੋਨ ਉੱਤੇ ਆਪਣੀ ਪਹਿਚਾਣ ਦੇ ਕੇ ਜਦੋਂ ਅਰਜ਼ ਨੇ ਗੁਫ਼ਤਗੂ ਸ਼ੁਰੂ ਕੀਤੀ ਤਾਂ ਇਸ ਤਰ੍ਹਾਂ ਲੱਗਿਆ ਕਿ ਕੋਈ ਬਹੁਤ ਆਗਿਆਕਾਰੀ ਬੱਚਾ ਪ੍ਰੌੜ ਉਮਰ ਦੇ ਵਿਆਕਤੀ ਤੋਂ ਗਿਆਨ ਲੈ ਰਿਹਾ ਹੋਵੇ।

ਉਸਤੋਂ ਬਾਅਦ ਪਹਿਲੀ ਮੁਲਾਕਾਤ ਸਾਡੀ ਪ੍ਰੈਸ ਕਲੱਬ ਚੰਗੀਗੜ੍ਹ ਵਿਖੇ ਇੱਕ ਸਮਾਗਮ ਦੌਰਾਨ ਹੋਈ। ਸਾਦੇ ਜਿਹੇ ਕੱਪੜਿਆਂ ਵਿੱਚ ਸਾਦਾ ਜਿਹਾ ਚਿਹਰਾ ਸਾਡਾ ਸਵਾਗਤ ਕਰਨ ਲਈ ਸਭ ਤੋਂ ਅੱਗੇ ਆ ਗਿਆ। ਉਸ ਵਕਤ ਅਰਜ਼ ਹਾਣ ਦਾ ਹੋ ਕੇ ਮਿਲਿਆ। ਚੜਦੀ ਜਵਾਨੀ ਦੀ ਪੂਰੀ ਰੂਪ ਰੇਖਾ ਉਸ ਦੇ ਚਿਹਰੇ 'ਤੇ ਉੱਕਰੀ ਹੋਈ ਸੀ। ਜਦੋਂ ਕੁਝ ਵਕਤ ਅਰਜ਼ਪ੍ਰੀਤ ਨਾਲ ਇਕੱਲਿਆਂ ਮੁਹੱਬਤ ਭਰੀਆਂ ਗੱਲਾਂ ਕਰਦਿਆਂ ਬਿਤਾਇਆ ਤਾਂ ਉਹ ਬਜ਼ੁਰਗਾਂ ਵਾਂਗ ਜ਼ਿੰਦਗੀ ਦਿਆਂ ਕਿੰਨਿਆਂ ਹੀ ਤਜ਼ੁਰਬਿਆਂ ਨੂੰ ਨਾਲ ਲੈ ਕੇ ਚਲਦਾ ਪ੍ਰਤੀਤ ਹੋਇਆ।

ਇਹ ਬਹੁਤ ਘੱਟ ਵਿਆਕਤੀਆਂ ਵਿਚੋਂ ਹੁੰਦਾ ਹੈ ਕਿ ਤੁਸੀਂ ਉਮਰ ਦਿਆਂ ਤਿੰਨ ਪੜਾਵਾਂ ਨੂੰ ਇੱਕੋਂ ਸਮੇਂ ਵੇਖ ਸਕੋਂ। ਅਰਜ਼ ਉਸੇ ਸ੍ਰੇਣੀ ਦਾ ਵਿਆਕਤੀ ਹੈ। ਸ਼ਾਇਦ ਏਹੀ ਇੱਕੋ ਉੱਤਮ ਸ਼ਾਇਰ ਦੀ ਪਹਿਚਾਣ ਹੈ। ਮੈਨੂੰ ਮਹਿਸੂਸ ਹੁੰਦਾ ਹੈ ਕਿ ਅਰਜ਼ ਜਿਸ ਤਰ੍ਹਾਂ ਆਪਣੇ ਅੰਦਰੋਂ ਹੈ ਤੇ ਉਸੇ ਤਰ੍ਹਾਂ ਹੀ ਦਿੱਖ ਲੈ ਕੇ ਉਹ ਬਾਹਰੀ ਦੁਨੀਆਂ ਵਿੱਚ ਵਿਚਰਦਾ ਹੈ। ਕੁਝ ਇਨਸਾਨਾਂ ਨੂੰ ਮਖੌਟਿਆਂ ਦੀ ਜ਼ਰੂਰਤ ਨਹੀਂ ਹੁੰਦੀ। ਤੁਸੀਂ ਅਰਜ਼ ਦਾ ਚਿਹਰਾ ਪੜ੍ਹ ਲਵੋ ਉਹੀ ਉਸਦੀਆਂ ਕਿਤਾਬਾਂ 'ਚੋਂ ਮਿਲੇਗਾ ਜਾਂ ਉਸਦੀਆਂ ਕਵਿਤਾਵਾਂ ਪੜ੍ਹ ਲਵੋ ਤੇ ਇੱਕ ਤਸ਼ੱਵੁਰ ਕਰੋ ਤੇ ਸਾਹਮਣੇ ਆਇਆ ਚਿਹਰਾ ਇੰਨ੍ਹ ਬਿੰਨ੍ਹ ਅਰਜ਼ਪ੍ਰੀਤ ਦਾ ਹੋਵੇਗਾ।

ਉਹ ਆਪਣੀਆਂ ਕਵਿਤਾਵਾਂ ਦੀ ਸ਼ੁਰੂਆਤ ਵਿੱਚੋਂ ਹੀ ਇੱਕ ਗੱਲ ਲਿਖਦਾ ਹੈ :–

ਲੈ ਅਰਜੋਈ ਦਰ 'ਤੇ ਇੱਕ ਲੜਕੀ ਆਈ
ਬੂਹਾ ਜਦ ਨਾ ਖੋਲ੍ਹਿਆ ਖਿੜਕੀ ਖੜਕਾਈ ॥

ਇਹਨਾਂ ਦੋ ਸਤਰ੍ਹਾਂ ਵਿੱਚੋਂ ਹੀ ਉਹ ਆਪਣੀ ਕਵੀ ਜ਼ਿੰਦਗੀ ਦੇ ਆਗਮਨ ਦੀ ਵਿਸ਼ਾਲਤਾ ਨੂੰ ਸਮੇਟ ਦਿੰਦਾ ਹੈ। ਉਸਦੀਆਂ ਇਹ ਦੋ ਸਤਰ੍ਹਾਂ ਇਸ ਗੱਲ ਦੀਆਂ ਬਾਖੁਬੀ ਵੀ ਹੋ ਜਾਂਦੀਆਂ ਨੇ ਕਿ ਸਮੁਚੇ ਸਾਹਿਤ ਦੀ ਸ਼ੁਰੂਆਤ ਹੀ ਪ੍ਰੇਮ ਤੋਂ ਹੁੰਦੀ ਹੈ। ਉਸਦੀ ਦਸਤਕ ਕਿਸੇ ਨਾ ਕਿਸੇ ਰੂਪ ਵਿਚੋਂ ਕਿਸੇ ਨਾ ਕਿਸੇ ਦਿਸ਼ਾ 'ਚੋਂ ਆਪੇ ਹੀ ਹੋ ਜਾਂਦੀ ਹੈ। ਅਰਜ਼ਪ੍ਰੀਤ ਮੁਹੱਬਤ ਦੇ ਇਸ ਰੰਗ ਵਿੱਚ ਆਪਣੇ ਆਪ ਨੂੰ ਰੰਗ ਕੇ ਵੀ ਕਿਸੇ ਰੰਗ ਵਿੱਚੋਂ ਨਹੀਂ ਢਲਦਾ ਉਹ ਆਪਣੀ ਪਹਿਚਾਣ ਖੁਦ ਹੁੰਦਾ ਹੋਇਆ ਇਹਨਾਂ ਸਤਰ੍ਹਾਂ ਨੂੰ ਜਨਮ ਦਿੰਦਾ ਹੈ : –

www.PunjabiLibrary.com

ਨਾ ਸ਼ਿਵ ਹੋਇਆ
ਨਾ ਪਾਸ਼ ਕੋਈ
ਨਾ ਸੁਰਜੀਤ ਰਿਹਾ
ਨਾ ਪਾਤਰ ਹੋਇਆ
ਜੋ ਵੀ ਹੋਇਆ
ਤੇਰੀ ਖ਼ਾਤਰ ਹੋਇਆ।

ਅਰਜ਼ਪ੍ਰੀਤ ਦੀ ਮੁਹੱਬਤ ਇੱਕ ਦਿਸ਼ਾ ਵੱਲ ਦੀ ਨਹੀਂ ਹੈ। ਉਹ ਆਪਣੀਆਂ ਕਵਿਤਾਵਾਂ ਵਿੱਚੋਂ ਸਮੁਚੱਤਾ ਦੀ ਗੱਲ ਕਰਦਾ ਹੈ। ਗੁਰਦਾਸਪੁਰ ਜ਼ਿਲ੍ਹੇ ਦਾ ਜੰਮਿਆਂ ਇਹ ਸ਼ਾਇਰ ਬੇਸ਼ੱਕ ਸ਼ਿਵ ਕੁਮਾਰ ਨੂੰ ਪੜ੍ਹਦਾ ਪੜ੍ਹਦਾ ਲਿਖਣ ਲੱਗਿਐ ਪਰ ਉਸਦੇ ਚਿੰਤਨ ਦਾ ਹਿੱਸਾ ਇਹ ਗੱਲ ਵੀ ਰਹਿੰਦੀ ਹੈ ਕਿ ਉਹ ਪਾਸ਼ ਵਾਂਗ ਗੱਲਾਂ ਤੋਂ ਵਿਦਰੋਹੀ ਕਿਉਂ ਨਹੀਂ ਅਤੇ ਇਸੇ ਗੱਲ ਦਾ ਚਿੰਤਨ ਕਰਦਾ ਹੋਇਆ ਉਹ ਆਪਣੇ-ਆਪ ਨੂੰ ਉਸ ਦਿਸ਼ਾ ਵੱਲ ਵੀ ਮੋੜਦਾ ਹੈ। :-

ਮੈਂ ਸ਼ਿਵ ਦੇ ਲਿਖੇ ਬਸ ਗੀਤ ਗਾ ਰਿਹਾਂ
ਮੈਨੂੰ ਕਿਉਂ ਨਾ ਪਾਸ਼ ਨਜ਼ਰੀ ਆ ਰਿਹਾ
ਆਹੀ ਮੈਨੂੰ ਅੰਦਰੋਂ ਅੰਦਰੀ ਖਾ ਰਿਹਾ
ਜਾਂ ਉਹ ਲਿਖਦਾ ਹੈ : -
ਕਾਸ਼ ਕੋਈ ਆਵੇ
ਮੈਨੂੰ ਵੀ ਪਾਸ਼ ਜਿਹਾ ਤਰਾਸ਼ ਜਾਵੇ।

ਇਸੇ ਤਰ੍ਹਾਂ ਦੀਆਂ ਗੱਲਾਂ ਕਰਦਾ ਉਹ ਪਾਸ਼ ਕੀਆਂ ਕਿਤਾਬਾਂ ਵਿਚਲੇ ਅਥਾਹ ਸਮੁੰਦਰ ਵਿੱਚੋਂ ਵੀ ਗੋਤੇ ਲਾ ਆਉਂਦਾ ਹੈ ਅਤੇ ਉਹ ਚਿਣਗ ਅੰਦਰ ਭਰ ਕੇ ਜਦੋਂ ਬਾਹਰ ਆਉਂਦਾ ਹੈ ਤੇ ਲਿਖਦਾ ਹੈ : -

ਪਾਸ਼ ਨੂੰ ਪੜੀ ਤਾਂ ਬੈਠੇ ਹਾਂ
ਹੁਣ ਪਾਸ਼ ਕਹਾਉਣਾ ਬਾਕੀ ਐ ।

ਉਹ ਜਾਣਦਾ ਹੈ ਕਿ ਸ਼ਾਇਰਾਂ ਦੀ ਉਮਰ ਦੀ ਕੋਈ ਥਾਹ ਨਹੀਂ ਹੁੰਦੀ। ਵਿਆਕਤੀ ਵਿਸ਼ੇਸ਼ ਛਿਣ ਭਰ ਦੀ ਜਿੰਦਗੀ ਜਿਉਂਦਾ ਹੈ ਅਤੇ ਇਸ ਫਾਨੀ ਸੰਸਾਰ ਤੋਂ ਅਲਵਿਦਾ ਲੈ ਤੁਰਦਾ ਹੈ ਪਰ ਸ਼ਾਇਰ ਸਦੀਆਂ ਤੱਕ ਜਿਉਣ ਦੀ ਸ਼ਕਤੀ ਰਖਦੇ ਹਨ। ਬੇਸ਼ੱਕ ਉਹਨਾਂ ਦਾ ਜੀਵਨ ਕਿੰਨੀਆਂ ਹੀ ਰੁਕਾਵਟਾਂ ਭਰਿਆ ਕਿਉਂ ਨਾ ਹੋਵੇ ਉਹ ਖੜ੍ਹੇ-ਰਹਿਣ ਦਾ ਬਲ ਰੱਖਦੇ ਹਨ। ਜਿੰਦਗੀ ਦੀਆਂ ਇਸ ਤਰ੍ਹਾਂ ਦੀਆਂ ਗੱਲਾਂ ਦੀ ਤਰਜ਼ਮਾਨੀ ਉਹ ਅਕਸਰ ਕਰਦਾ ਹੈ : -

ਜਿਉਂਣਾ ਹੈ ਮੈਂ ਸਦੀਆਂ ਤੀਕਰ
ਜਿਵੇਂ ਜਿਉਂਦੀ ਢਾਬ 'ਤੇ ਕਿੱਕਰ ।

www.PunjabiLibrary.com

ਉਹ ਸ਼ਾਇਰ ਦੀ ਪਹਿਚਾਣ ਮੁਹੱਬਤ ਨੂੰ ਦੱਸਦਾ ਹੈ ਅਤੇ ਉਸਦੀ ਇਹੀ ਮੁਹੱਬਤ ਬਿਰਹਾ ਵੀ ਹੈ ਤੇ ਵਿਦਰੋਹ ਵੀ ਅਤੇ ਇਹੀ ਉਸਦੀ ਵੱਖਰੀ ਪਹਿਚਾਣ ਹੈ ਜੋ ਉਸਨੂੰ ਪੂਰੀ ਦੁਨੀਆਂ ਤੋਂ ਅਲੱਗ ਕਰਦੀ ਹੈ। ਇਹੀ ਉਸਨੂੰ ਸਾਹਿਤਕਾਰਾਂ ਦੀ ਕਤਾਰ 'ਚ ਲਿਆ ਖੜ੍ਹਾ ਕਰਦੀ ਹੈ : –

ਸਾਡੇ ਪਿੰਡ 'ਚ ਬਾਣੀਏ ਦੀ ਇੱਕ ਹੱਟੀ ਐ
ਉਸਦੇ ਕੋਲ ਵੀ ਕਲਮ ਸਾਰਾ ਦਿਨ ਰਹਿੰਦੀ ਐ
ਜਾਂ ਨਛੱਤਰ ਮੁੰਸ਼ੀ ਜੋ ਸਾਰਾ ਦਿਨ ਕਲਮ ਜੇਬ੍ਹ 'ਚ ਪਾਈ ਰੱਖਦਾ ਹੈ
ਪਰ ਇਹਨਾਂ ਨੂੰ ਕਲਮ ਨਾਲ ਮੁਹੱਬਤ ਨਹੀਂ ।।

ਅਰਜ਼ ਆਪਣੀਆਂ ਕਵਿਤਾਵਾਂ ਵਿੱਚ ਧੀਆਂ ਦੇ ਦਰਦ ਨੂੰ ਵੀ ਬਾਖ਼ੂਬੀ ਨਿਭਾਉਂਦਾ ਹੈ। ਉਹ ਇਸਤਰੀ ਨੂੰ ਮਾਤਰ ਪ੍ਰੇਮਿਕਾ ਦੇ ਰੂਪ 'ਚ ਹੀ ਨਹੀਂ ਵੇਖਦਾ ਉਹ ਮਾਂ, ਪਤਨੀ, ਭੈਣ ਆਦਿ ਰੂਪਾਂ 'ਚ ਇਸਤਰੀ ਦੇ ਦਰਸ਼ਨ ਕਰਦਾ ਹੋਇਆ ਧੀਆਂ ਦੇ ਚਾਵਾਂ, ਉਲਾਰਾਂ ਅਤੇ ਦੁੱਖਾਂ ਬਾਰੇ ਲਿਖਦਾ ਹੈ। : –

ਮੇਰੇ ਜਨਮ ਤੋਂ ਬਾਪੂ ਡਰ ਗਿਆ,
ਮੇਰਾ ਦਾਜ ਹੈ ਉਸ ਬਣਾਉਣਾ
ਮੇਰੀ ਮਾਂ ਵੀ ਦਰੀਆਂ ਬੁਣਨੀਆਂ
ਮੈਨੂੰ ਇੱਜ਼ਤਾਂ ਨਾਲ ਵਿਹਾਵਣਾ ॥

ਅਰਜ਼ਪ੍ਰੀਤ ਪੰਜਾਬ ਦਾ ਵਾਸਿੰਦਾ ਹੋਇਆ ਆਪਣਾ ਫਰਜ਼ ਅਦਾ ਕਰਦਾ ਹੈ ਅਤੇ ਉਹ ਆਪਣੀਆਂ ਕਵਿਤਾਵਾਂ ਰਾਹੀਂ ਮੌਜੂਦਾ ਪੰਜਾਬ ਦੇ ਹਾਲਾਤਾਂ ਦੀ ਬਿਆਨਕਾਰੀ ਬੜੀ ਪਾਰਦਰਸ਼ਤਾ ਦੇ ਨਾਲ ਕਰਦਾ ਹੈ ਕਿ ਉਹ ਚੜ੍ਹਦੇ ਪੰਜਾਬ ਤੋਂ ਢਲਦੇ ਪੰਜਾਬ ਦੀ ਦਾਸਤਾਨ ਲਿਖਣ ਤੋਂ ਝਿਜਕਦਾ ਨਹੀਂ : –

ਮਰੀਆਂ ਸ਼ਕਲਾਂ, ਕੋਈ ਸਾੜ ਨਾ ਦੇਵੇ,
ਜਿਉਂਦੇ ਆਂ ਹਾਲੇ, ਇਹ ਦੱਸਣਾ ਏ ਪੈਂਦਾ ॥

ਇਸੇ ਤਰ੍ਹਾਂ ਉਹ ਪੰਜਾਬ ਦੀ ਗੱਲ ਕਰਦਾ ਹੋਇਆ ਲਹਿੰਦੇ ਪੰਜਾਬ ਦੇ ਗਮ ਨੂੰ ਵੀ ਦਿਲ 'ਚ ਸਮੋਈ ਬੈਠਾ ਬੜੀ ਸੁਚੱਜਤਾ ਤੇ ਹਾਉਂਕੇ ਭਾਵ ਨਾਲ ਆਪਣੀ ਅੰਤਰਭਾਵਨਾ ਨੂੰ ਲਿਖਦਾ ਹੈ ਉਹ ਇਸ ਵੰਡ ਦੀ ਪੀੜ੍ਹ ਨੂੰ ਅੰਦਰ ਸਮੋਈ ਬੈਠਾ ਹੈ : –

ਬਣ ਜਾਵਾਂ ਮੈਂ ਪਾਣੀ,
ਹਰਿਮੰਦਰ 'ਤੇ ਮੈਂ ਬਰਸਾਂ
ਤੇ ਆਪਣਾ ਅੱਧਾ ਹਿੱਸਾ ਕਰ,
ਨਨਕਾਣਾ ਵੀ ਧੋ ਆਵਾਂ

ਇਸੇ ਤਰ੍ਹਾਂ ਉਹ ਅਗਲੀਆਂ ਸਤਰ੍ਹਾਂ ਕਹਿੰਦਾ ਹੈ !

ਸ਼ੁਰੂ ਕਰਾਂ ਮੈਂ ਇੱਧਰ ਲਿਖਣਾ
ਓਧਰ ਜਾਣ ਮੁਕਾਵਾਂ ॥

www.PunjabiLibrary.com

ਅਰਜ਼ਪ੍ਰੀਤ ਦੇ ਧੁਰ ਅੰਦਰੋਂ ਜਿੱਥੇ ਵੰਡ ਦੀ ਹੂਕ ਨਿਕਲਦੀ ਹੈ ਉੱਥੇ ਹੀ ਉਹ ਚੁਰਾਸੀ ਦੇ ਦੰਗਿਆਂ ਦੇ ਸੰਤਾਪ ਨੂੰ ਵੀ ਆਪਣੀਆਂ ਕਵਿਤਾਵਾਂ ਦਾ ਜ਼ਿਕਰ ਬਣਾਉਂਦਾ ਹੋਇਆ ਆਪਣੇ ਆਪ ਨੂੰ ਕਾਇਰ ਤੱਕ ਆਖ ਦਿੰਦਾ ਹੈ : –

ਮੈਂ ਨਾ ਸ਼ਾਇਰ
ਮੈਂ ਤਾਂ ਹਾਂ ਕਾਇਰ
ਕਿ ਗਲ ਪਿਆ ਟਾਇਰ
ਮੈਨੂੰ ਨਾ ਦਿਸਿਆ ॥

ਇਸੇ ਦਰਦ ਨੂੰ ਹਢਾਉਂਦਾ ਹੀ ਉਹ ਆਪਣੇ ਆਪ ਤੋਂ ਬਾਗੀ ਹੋ ਜਾਂਦਾ ਹੈ ਅਤੇ ਫਿਰ ਇਹ ਬਗਾਵਤ ਸਮੇਂ ਦੀਆਂ ਨਿਰਾਰਥਕ ਸਰਕਾਰਾਂ ਤੱਕ ਪਹੁੰਚਾਉਣ ਦੀ ਗੱਲ ਕਰਦਾ ਹੈ।

ਹੁਣ ਡਰ ਮੁਕਾਉਣਾ ਬਾਕੀ ਐ
ਸਰਕਾਰ ਹਿਲਾਉਣਾ ਬਾਕੀ ਐ ॥

ਅਰਜ਼ਪ੍ਰੀਤ ਦੀ ਬਗਾਵਤ ਇੱਥੇ ਹੀ ਨਹੀਂ ਰੁਕਦੀ ਉਹ ਇਸੇ ਹੌਸਲੇ ਨਾਲ ਇਤਿਹਾਸ ਬਦਲਣ ਦੀਆਂ ਗੱਲਾਂ ਵੀ ਕਰਦਾ ਹੈ : –

ਅਸੀਂ ਇਸ਼ਕ ਕਮਾਈ ਬੈਠੇ ਸਾਂ
ਹੁਣ ਦਰਦ ਕਮਾਉਣਾ ਬਾਕੀ ਐ
ਹਾਰ ਨਾ ਮੰਨਦੇ ਨੀਲੇ ਬਾਣੇ
ਵਿੱਚ ਚੁਰਾਸੀ ਘੱਲੂਘਾਰੇ
ਕਿੰਨੇ ਹੀ ਬੇਦੋਸ਼ੇ ਮਾਰੇ
ਫਿਰ ਵੀ ਖੜ੍ਹਦੇ ਹਿੱਕਾਂ ਤਾਣੇ
ਹਾਰ ਨਾ ਮੰਨਦੇ ਨੀਲੇ ਬਾਣੇ ॥

ਅਰਜ਼ਪ੍ਰੀਤ ਕਵਿਤਾ ਦੇ ਨਾਲ–ਨਾਲ ਹੋ ਤੁਰਦਾ ਹੈ। ਉਹ ਹਰ ਲਫ਼ਜ ਤੋਂ ਜਾਣੂੰ ਹੋ ਕੇ ਉਸਨੂੰ ਪੰਨਿਆਂ ਤੇ ਉਤਾਰਦਾ ਹੈ। ਕਵਿਤਾਵਾਂ ਦੀ ਰੂਪ–ਰੇਖਾ ਉਸਦੇ ਹੱਥਾਂ ਦੀਆਂ ਲਾਈਨਾਂ ਨਾਲ ਮਿਲਦੀ ਪ੍ਰਤੀਤ ਹੁੰਦੀ ਹੈ। ਉਹ ਇਸ ਖੇਤਰ ਵਿੱਚ ਨਵਾਂ ਜ਼ਰੂਰ ਹੈ ਪਰ ਲੱਗਦਾ ਨਹੀਂ, ਇੰਝ ਲੱਗਦਾ ਹੈ ਜਿਵੇਂ ਕਵਿਤਾ ਨਾਲ ਉਸਦੀ ਸਾਂਝ ਬਹੁਤ ਪੁਰਾਣੀ ਹੈ। 'ਅਰਜੋਈਆਂ ' ਕਿਤਾਬ ਸਾਹਿਤ ਦੇ ਖੇਤਰ ਵਿੱਚ ਮੀਲ ਪੱਥਰ ਦਾ ਕੰਮ ਕਰਦੀ ਹੈ। ਇਹ ਗੱਲ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਤੁਸੀਂ ਜਦੋਂ ਇਸ ਕਿਤਾਬ ਵਿੱਚ ਡੁੱਬਕੀ ਲਾਵੋਂਗੇ ਤਾਂ ਕਿਤੇ ਹੋਰ ਨਵੀਂ ਦੁਨੀਆਂ ਵਿੱਚ ਜਾ ਕੇ ਨਿਕਲੋਗੇ। ਇਹੀ ਅਰਜ਼ਪ੍ਰੀਤ ਦੀ ਜ਼ਾਦੂਈ ਸ਼ੈਲੀ ਹੈ। ਪਰ ਉਸਦੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਉੱਤਮ ਕਵੀ ਹੋ ਕੇ ਵੀ ਆਪਣੇ ਆਪ ਨੂੰ ਕਵੀ ਨਹੀਂ ਮੰਨਦਾ ਉਹ ਆਪਣੇ ਆਪ ਨੂੰ ਕਵੀਆਂ ਦੀ ਸ੍ਰੇਣੀ ਵਿੱਚ ਗਿਣਦਾ ਹੀ ਨਹੀਂ ਅਤੇ ਅੰਤਿਮ ਲਿਖਦਾ ਹੈ : –

ਮੇਰੇ ਵਰਗੇ ਇੱਥੇ ਕਲਮਾਂ ਫੜ੍ਹ ਤੁਰ ਪੈਂਦੇ ਨੇ,
ਪਰ ਮੈਨੂੰ ਸੱਦੋ ਨਾ ਤੁਸੀਂ ਕਵੀ, ਸ਼ਾਇਰ, ਲਿਖਾਰੀ ॥

ਗਗਨ ਹਰਸ਼

ਪ੍ਰਕਾਸ਼ਕ : -

ਸੂਰਜਾਂ ਦੇ ਵਾਰਿਸ਼।

www.PunjabiLibrary.com

ਧੰਦੇ **ਵਾਲੀ ਤੇ** ਫ਼ਕੀਰ

ਫ਼ਕੀਰ–
ਦੂਰ ਹੋ ਕੇ ਬੈਠ ਮੇਰੇ ਤੋਂ ਗੰਦੇ ਧੰਦੇ ਵਾਲੀਏ
ਬਾਹਰੋਂ ਸੋਹਣੀਏ ਨੀਂ ਦਿਲ ਦੀਏ ਕਾਲੀਏ
ਅਸੀਂ ਹਾਂ ਫ਼ਕੀਰ ਬੰਦੇ ਤਨ ਮਨ ਸੁੱਚਾ ਨੀਂ
ਤੇਰੇ ਵੱਲ ਦੇਖਣਾ ਨਈਂ ਕੰਮ ਤੇਰਾ ਲੁੱਚਾ ਨੀਂ।

ਸਾਡਾ ਤਾਂ ਹੈ ਇਕ ਖ਼ਸਮ ਤੇਰੇ ਨੇ ਹਜ਼ਾਰ
ਤੇਰਾ ਘਰ ਕੋਠਾ ਵਜੇ ਤੇ ਸਾਡਾ ਐ ਮਜ਼ਾਰ
ਨਵਾਂ ਜਿਸਮ ਹੰਢਾਵੇਂ ਤੂੰ ਹਰ ਨਵੀਂ ਰਾਤ
ਤੂੰ ਹੀ ਦਸ ਕਾਹਤੋਂ ਤੈਨੂੰ ਆਖਾਂ ਨਾ ਕਮਜਾਤ।

ਧੰਦੇ ਵਾਲੀ–
ਨਾ ਵੇ ਫ਼ਕੀਰਾ ਮੈਨੂੰ ਬੋਲ ਨਾ ਮੰਦੜੇ ਬੋਲ
ਮੇਰੀ ਇਸ ਕਹਾਣੀ ਦਾ ਕੋਈ ਅਗਲਾ ਪੰਨਾ ਫੋਲ
ਤੇਰੇ ਤੇ ਮੇਰੇ 'ਚ ਮੈਨੂੰ ਰਤਾ ਫਰਕ ਨਾ ਜਾਪੇ
ਚੀਖ ਮੇਰੀ ਇੰਝ ਜਿਵੇਂ ਕੋਈ ਬਿਰਹਾ ਰਾਗ ਅਲਾਪੇ।

ਉਹਦੀ ਤੂੰ ਰਜ਼ਾ 'ਚ ਨੱਚੇ, ਮੈਂ ਵੀ ਨਾਚ ਕਰਦੀ ਹਾਂ
ਤੇਰੇ 'ਚ ਵੈਰਾਗ ਜੇ ਡੂੰਘਾ, ਮੈਂ ਵੀ ਪੀੜਾ ਜਰਦੀ ਹਾਂ
ਤੈਨੂੰ ਮੌਤ ਦਾ ਭੈਅ ਕੋਈ ਨਾ, ਮੈਂ ਵੀ ਨਿੱਤ ਹੀ ਮਰਦੀ
ਜਦ ਕੋਈ ਮੇਰੀ ਬੋਟੀ ਨੋਚੇ ਅੱਲ੍ਹਾ–ਅੱਲ੍ਹਾ ਕਰਦੀ।

ਮੇਰਾ ਵੀ ਦਿਲ ਲੋਚੇ ਕੋਈ ਆਖ ਬੁਲਾਵੇ ਭੈਣ
ਮਾਂ ਦੀ ਗਲਵਕੜੀ ਵਿਚ, ਮੈਂ ਸੁਖੀ ਗੁਜਾਰਾਂ ਰੈਣ
ਨਿੱਕੀ ਹੁੰਦੀ ਪਿਓ ਨੇ ਵੇਚੀ ਆਈ ਨਾ ਇਥੇ ਆਪ
ਤੂੰ ਦੱਸ ਇਥੇ ਗੰਦਾ ਕੌਣ ਹੈ ਮੈਂ ਕਿ ਮੇਰੇ ਬਾਪ।

ਇਹ ਧੰਦਾ ਜੇ ਗੰਦਾ ਹੀ ਐ ਕਿਉਂ ਆਉਂਦੇ ਨੇ ਮਰਦ
ਨਾਲੇ ਸਹਿੰਦੀ ਮਰਦ ਵਾਸਨਾ ਨਾਲੇ ਕਿੰਨਾ ਦਰਦ
ਜੇ ਇੱਥੇ ਕੋਈ ਆਵੇ ਹੀ ਨਾ ਸਾਨੂੰ ਕੀ ਹੈ ਲੋੜ

ਕੋਈ ਕੰਮ ਤਾਂ ਕਰਨਾ ਹੀ ਪਉ ਜਦੋਂ ਪੈ ਗਈ ਥੋੜ।

ਮੇਰਾ ਵੀ ਦਿਲ ਕਰਦੈ ਉੱਚੀ ਉੱਚੀ ਲਾਵਾ ਨਾਹਰੇ
ਲਾਲ ਬੱਤੀ ਜਦ ਜਗਦੀ, ਅੱਖ ਬੁੱਲ ਮੀਚਾਂ ਆਪ ਮੁਹਾਰੇ
ਓਹੀ ਰਾਤੀ ਆਉਂਦੇ ਜਿਹੜੇ ਦਿਨੋਂ ਨੇਂ ਕੱਢਦੇ ਗਾਲ੍ਹ
ਦਿਨੋਂ ਤਾਂ ਆਖਣ ਕੰਜਰੀ ਸਾਨੂੰ ਰਾਤੀ ਕਹਿਣ ਕਮਾਲ।

ਵੇ ਫ਼ਕੀਰਾ ਕੀ ਜਾਣੇ ਮੈਂ ਭੋਗਿਆ ਕੀ ਸੰਤਾਪ
ਤੂੰ ਤਾਂ ਅੜਿਆ ਆਖੈਂ ਮੇਰਾ ਹਰ ਕੰਮ ਲਗਦਾ ਪਾਪ
ਐਨਾ ਹੀ ਬਸ ਫਰਕ ਕਿ ਮੈਂ ਕਰਦੀ ਨਾ ਜੱਗ ਜਾਹਰ
ਤੂੰ ਤਾਂ ਅੜਿਆ ਦਿਸਦਾ ਸਭ ਨੂੰ ਤੁਰਦਾ ਫਿਰਦਾ ਬਾਹਰ।

ਫ਼ਕੀਰ–
ਮੁਆਫ ਕਰੀ ਮੈਨੂੰ ਨੀ ਅੜੀਏ ਹੋ ਗਿਆ ਸੀ ਹੰਕਾਰ
ਖੁਦ ਨੂੰ ਮੈਂ ਫਕੀਰ ਹਾਂ ਦਸਦਾ "ਮੈ" ਹੀ ਕਰੇ ਪੁਕਾਰ
ਅਸਲ ਰੱਬੀ ਰੂਹ ਨੂੰ ਮਿਲਿਆ ਖੁੱਲ ਗਏ ਮੇਰੇ ਭਾਗ
ਮੈਂ ਤਾਂ ਬਸ ਦਿਖਾਵਾ ਕਰਦਾ ਤੇਰਾ ਅਸਲ ਵੈਰਾਗ।

ਨੀਂ ਤੇਰੀ ਜੜਾਂ 'ਚ ਇਹੀ ਭਰਿਆ ਤੇਰਾ ਕੀ ਕਸੂਰ
ਇਹ ਧੰਦਾ ਤਾਂ ਬਣ ਗਿਆ ਅੜੀਏ ਤੇਰੇ ਲਈ ਨਾਸੂਰ
ਪੀੜ ਪਰਾਈ ਜਾਣੀ ਨਾ ਕਿਉਂ ਲੈਂਦਾ ਰਾਮ ਨਾਮ
ਤੇਰੇ ਅੰਦਰੇ ਬਿਰਹਾ ਜੰਮਿਆ ਉਸ ਨੂੰ ਮੇਰਾ ਸਲਾਮ।

ਧੰਦੇ ਵਾਲੀ ਗੰਦੀ ਨਾਹੀ ਸਭ ਨੂੰ ਇਹੋ ਪੈਗਾਮ
ਤੇਰੇ ਅੰਦਰੇ ਬਿਰਹਾ ਜੰਮਿਆ ਉਸ ਨੂੰ ਮੇਰਾ ਸਲਾਮ।

www.PunjabiLibrary.com

ਮੈਂ ਵਣ ਮਾਛੀਵਾੜਾ ਬੋਲ ਰਿਹਾ

ਮੈਂ ਵਣ ਮਾਛੀਵਾੜਾ ਬੋਲ ਰਿਹਾ
ਮੇਰੀ ਕੁੱਖ 'ਚ ਮਹਿਰਮ ਸੌ ਰਿਹਾ
ਮੇਰੀ ਗੱਲ ਸੁਣ ਲਓ ਤੁਸ ਚਿੜੀਓ ਨੀ
ਬਹੁਤਾ ਚੀਂ-ਚੀਂ ਨਾ ਤੁਸ ਕਰਿਓ ਨੀਂ
ਮੈਂ ਹਿੱਕ 'ਤੇ ਅਲਾਹ ਤੋਲ ਰਿਹਾ
ਮੈਂ ਵਣ ਮਾਛੀਵਾੜਾ ਬੋਲ ਰਿਹਾ ।
ਮੇਰੀ ਕੁੱਖ 'ਚ ਮਹਿਰਮ ਸੌ ਰਿਹਾ।

ਇਹ ਰਾਜਾ ਹੈ ਫਕੀਰ ਜਿਹਾ
ਫੁੱਲ ਵੀ ਹੈ ਸ਼ਮਸ਼ੀਰ ਜਿਹਾ
ਮੇਰੀ ਗੱਲ ਸੁਣ ਲੈ ਤੂੰ ਸੂਰਜਾ ਵੇ
ਪੋਹ ਵਿੱਚ ਤਪਸ਼ ਜਿਹੀ ਕਰ ਜਾ ਵੇ
ਇਹ ਸੀਤ 'ਚ ਵੀ ਅਡੋਲ ਰਿਹਾ
ਮੈਂ ਵਣ ਮਾਛੀਵਾੜਾ ਬੋਲ ਰਿਹਾ ।
ਮੇਰੀ ਕੁੱਖ 'ਚ ਮਹਿਰਮ ਸੌ ਰਿਹਾ।

ਖੁਦ ਨੂੰ ਗਰੀਬੜਾ ਦੱਸ ਰਿਹਾ
ਇਹ ਪੁੱਤ ਮਰਾ ਕੇ ਹੱਸ ਰਿਹਾ
ਗੱਲ ਸੁਣ ਲੈ ਤੇਜ਼ ਹਵਾਏ ਨੀ
ਖ਼ਬਰਦਾਰ ਜੇ ਐਧਰ ਆਏਂ ਨੀਂ
ਮੈਂ ਇਸਦਾ ਦੁਖੜਾ ਫੋਲ ਰਿਹਾ
ਮੈਂ ਵਣ ਮਾਛੀਵਾੜਾ ਬੋਲ ਰਿਹਾ ।
ਮੇਰੀ ਕੁੱਖ 'ਚ ਮਹਿਰਮ ਸੌ ਰਿਹਾ।

ਪਿਓ ਵੀ ਧਰਮ ਤੋਂ ਵਾਰ ਦਿੱਤਾ
ਕੌਮ ਲੇਖੇ ਲਾ ਪਰਿਵਾਰ ਦਿੱਤਾ
ਕਾਇਨਾਤੇ ਮੇਰੀ ਗੱਲ ਸੁਣ ਜਾ
ਇੱਕ ਖੇਸ ਸੁਨਿਹਰੀ ਤੂੰ ਬੁਣ ਜਾ
ਇਹਨੂੰ ਵਾਂਗ ਭੰਗੁੜੇ ਝੋਲ ਰਿਹਾ
ਮੈਂ ਵਣ ਮਾਛੀਵਾੜਾ ਬੋਲ ਰਿਹਾ ।
ਮੇਰੀ ਕੁੱਖ ਚ ਮਹਿਰਮ ਸੌ ਰਿਹਾ।

ਚਿੜੀਆਂ ਤੋਂ ਇਹ ਬਾਜ ਤੜਾਵੇ
ਸਵਾ ਲੱਖ ਨਾਲ ਇਕ ਲੜਾਵੇ
ਇਹ ਦੂਰ ਸਭ ਆਲਸ ਕਰ ਰਿਹਾ
ਇਹ ਡਰ ਨੂੰ ਖਾਲਸ ਕਰ ਰਿਹਾ
ਇਹਨੂੰ ਤੱਕ ਕਾਲਜਾ ਹੌਲ ਰਿਹਾ
ਮੈਂ ਵਣ ਮਾਛੀਵਾੜਾ ਬੋਲ ਰਿਹਾ ।
ਮੇਰੀ ਕੁੱਖ 'ਚ ਮਹਿਰਮ ਸੌ ਰਿਹਾ।

ਕਿੰਨਾ ਸੋਹਣਾ ਇਸਦਾ ਵੇਸ ਹੈ
ਇਹ ਬਾਦਸ਼ਾਹ ਦਰਵੇਸ਼ ਹੈ
ਇਹਨੂੰ ਲੱਖ-ਲੱਖ ਸਿਜਦੇ ਕਰ ਰਿਹਾਂ
ਇਹ ਜਾਗ ਨਾ ਜਾਵੇ ਡਰ ਰਿਹਾਂ
ਇਹਦੀ ਛੋਹ ਤੋਂ ਹੋ ਅਨਮੋਲ ਰਿਹਾ
ਮੈਂ ਵਣ ਮਾਛੀਵਾੜਾ ਬੋਲ ਰਿਹਾ ।
ਮੇਰੀ ਕੁੱਖ 'ਚ ਮਹਿਰਮ ਸੌ ਰਿਹਾ।

www.PunjabiLibrary.com

ਅੱਬਾ

ਅੱਬਾ ਇਹ ਨਾ ਕਹਿਰ ਕਮਾਵੀਂ
ਕੁੱਖ ਦੇ ਵਿੱਚ ਨਾ ਮਾਰ ਮੁਕਾਵੀਂ।

ਅੱਬਾ ਮੈਂ ਮੰਨਦੀ ਕਿ ਧੀ ਹਾਂ
ਪਰ ਅੱਬਾ ਮੈਂ ਤੇਰੀ ਵੀ ਹਾਂ
ਤੇਰਾ ਤੇ ਮਾਂ ਦਾ ਮੈਂ ਹਿੱਸਾ
ਦੋਹਾਂ ਦਾ ਇੱਕ ਸਾਂਝਾ ਕਿੱਸਾ
ਦਾਦੀ ਮਾਂ ਨੂੰ ਗੱਲ ਸਮਝਾਵੀਂ
ਅੱਬਾ ਇਹ ਨਾ ਕਹਿਰ ਕਮਾਵੀਂ
ਕੁੱਖ ਦੇ ਵਿੱਚ ਨਾ ਮਾਰ ਮੁਕਾਂਵੀਂ।

ਜਦ ਅੱਬਾ ਤੂੰ ਕੰਮ ਤੋਂ ਆਇਆ
ਸਬਜੀ ਭਾਜੀ ਨਾਲ ਲਿਆਇਆ
ਭੱਜ ਕੇ ਤੈਥੋਂ ਝੋਲਾ ਫੜ ਲਉਂ
ਤੇਰੀ ਚਿੰਤਾ ਮੱਥੇ ਮੜ ਲਉਂ
ਬੱਸ ਤੂੰ ਤੱਕ ਮੈਨੂੰ ਮੁਸਕਾਵੀਂ
ਅੱਬਾ ਇਹ ਨਾ ਕਹਿਰ ਕਮਾਵੀਂ
ਕੁੱਖ ਦੇ ਵਿੱਚ ਨਾ ਮਾਰ ਮੁਕਾਂਵੀ।

ਬਾਲਣ ਲੈਣ ਮੈਂ ਭੱਜੀ ਜਾਵਾਂ
ਲਕੜੀ ਪਾਥੀ ਚੁਗ ਲੈ ਆਵਾਂ
ਮਾਂ ਪਕਾਉਂਦੀ ਰੋਟੀ ਪਾਣੀ
ਕੋਲ ਬੈਠ ਕੇ ਸਿਖਦੀ ਰਾਣੀ
ਭਾਵੇਂ ਨਾ ਤੂੰ ਪੜ੍ਹਨੇ ਪਾਵੀਂ
ਅੱਬਾ ਇਹ ਨਾ ਕਹਿਰ ਕਮਾਵੀਂ
ਕੁੱਖ ਦੇ ਵਿੱਚ ਨਾ ਮਾਰ ਮੁਕਾਂਵੀ।

ਅੱਬਾ ਘਰ ਦੀਆਂ ਕੰਧਾ ਕੱਚੀਆਂ
ਪਰ ਮੈਂ ਆਖਾਂ ਬਿਲਕੁੱਲ ਸੱਚੀਆਂ
ਤੇਰੇ ਦੁੱਧ ਨੂੰ ਜਾਗ ਹੈ ਲਾਉਣਾ
ਤੇਰੀ ਪੱਗ ਨੂੰ ਦਾਗ਼ ਨਈਂ ਲਾਉਣਾ

www.PunjabiLibrary.com

ਜਿੱਥੇ ਚਾਹੇ ਵਿਆਹ ਕਰਵਾਵੀਂ
ਅੱਬਾ ਇਹ ਨਾ ਕਹਿਰ ਕਮਾਵੀਂ
ਕੁੱਖ ਦੇ ਵਿੱਚ ਨਾ ਮਾਰ ਮੁਕਾਂਵੀ।

ਜੇ ਕਿਧਰੇ ਮੈਂ ਪੜ੍ਹ ਗਈ ਅੱਬਾ
ਵੀਰ ਬਰਾਬਰ ਖੜ੍ਹ ਗਈ ਅੱਬਾ
ਤੇਰੇ ਨਾਂ ਨੂੰ ਚੰਨ ਨੇ ਲਾਉਣੇ
ਘਰ-ਬਾਰ ਮੈਂ ਪੱਕੇ ਕਰਵਾਉਣੇ
ਫਿਰ ਤੂੰ ਮੈਨੂੰ ਜੱਫੀ ਪਾਵੀਂ
ਅੱਬਾ ਇਹ ਨਾ ਕਹਿਰ ਕਮਾਵੀਂ
ਕੁੱਖ ਦੇ ਵਿੱਚ ਨਾ ਮਾਰ ਮੁਕਾਂਵੀ।

ਸਖੀਏ ਸਹੇਲੀਏ ਨੀਂ

ਸਖੀਏ ਸਹੇਲੀਏ ਨੀਂ
ਗੁੱਝੀਏ ਪਹੇਲੀਏ ਨੀਂ
ਕਾਹਦੀ ਅੱਜ ਆਉਂਦੀ ਖ਼ੁਸ਼ਬੋਈ।

ਫਿੱਕਾ ਫਿੱਕਾ ਦਿਸਦਾ ਐ
ਇਤਰਾਂ ਦੀ ਮਹਿਕ ਵਾਲਾ
ਸਾਂਵਲਾ ਜਿਹਾ ਆਉਂਦਾ ਦੂਰੋਂ ਕੋਈ।

ਦੂਰੋਂ ਇੰਝ ਲੱਗਦਾ ਨੀ
ਸ਼ਾਇਰ ਤਬੀਅਤ ਵਾਲਾ
ਤੁਰੇ ਜਦ ਰਾਜਨ ਜਾਪੇ ਕੋਈ।

ਨੇੜਿਓਂ ਜਾਪੇ ਮੈਨੂੰ
ਫ਼ਕਰ ਫ਼ਕੀਰ ਜਿਹਾ
ਉਹਦੀ ਹਰ ਖ਼ਾਹਿਸ਼ ਜਿਵੇਂ ਮੋਈ।

ਅੜੀਏ ਨੀ ਦੇਖ ਦੇਖ
ਭੁੱਖ ਨਹੀਂ ਲੱਥਦੀ ਨੀਂ
ਇਕੋ ਤੱਕਣੀ ਮੁਹੱਬਤ ਹੈ ਹੋਈ।

ਉਹਨੂੰ ਜਰਾ ਆਖੀਂ ਜਾ ਕੇ
ਸੁਣਵੇ ਪਿਆਰਿਆ ਵੇ
ਕਤਰਾ ਹੀ ਦੇ ਜਾ ਖ਼ੁਸ਼ਬੋਈ।

ਬਿਨ ਦੇਖੇ ਕੋਲੋਂ ਲੰਘੇਂ
ਪਿੱਛੇ ਕਾਹਤੋਂ ਮੁੜਦਾ ਨੀਂ
ਸੁਣਦਾ ਨੀ ਕਾਹਤੋਂ ਅਰਜ਼ੋਈ।

ਸੁਣ ਲੈ ਫ਼ਕੀਰਾ ਵੇ ਤੂੰ
ਰਾਣੀ ਇਸ ਦੇਸ਼ ਦੀ ਮੈਂ
ਮੰਗ ਲੈ ਮੁਰਾਦ ਪੂਰੀ ਹੋਈ

www.PunjabiLibrary.com

ਸਖੀਏ ਸਹੇਲੀਏ ਨੀਂ

ਸਖੀਏ ਸਹੇਲੀਏ ਨੀਂ
ਗੁੱਝੀਏ ਪਹੇਲੀਏ ਨੀਂ
ਕਾਹਦੀ ਅੱਜ ਆਉਂਦੀ ਖ਼ੁਸ਼ਬੋਈ।

ਫਿੱਕਾ ਫਿੱਕਾ ਦਿਸਦਾ ਐ
ਇਤਰਾਂ ਦੀ ਮਹਿਕ ਵਾਲਾ
ਸਾਂਵਲਾ ਜਿਹਾ ਆਉਂਦਾ ਦੂਰੋਂ ਕੋਈ।

ਦੂਰੋਂ ਇੰਝ ਲੱਗਦਾ ਨੀ
ਸ਼ਾਇਰ ਤਬੀਅਤ ਵਾਲਾ
ਤੁਰੇ ਜਦ ਰਾਜਨ ਜਾਪੇ ਕੋਈ।

ਨੇੜਿਓਂ ਜਾਪੇ ਮੈਨੂੰ
ਫ਼ਕਰ ਫ਼ਕੀਰ ਜਿਹਾ
ਉਹਦੀ ਹਰ ਖ਼ਾਹਿਸ਼ ਜਿਵੇਂ ਮੋਈ।

ਅੜੀਏ ਨੀ ਦੇਖ ਦੇਖ
ਭੁੱਖ ਨਹੀਂ ਲੱਥਦੀ ਨੀਂ
ਇਕੋ ਤੱਕਣੀ ਮੁਹੱਬਤ ਹੈ ਹੋਈ।

ਉਹਨੂੰ ਜਰਾ ਆਖੀਂ ਜਾ ਕੇ
ਸੁਣਵੇ ਪਿਆਰਿਆ ਵੇ
ਕਤਰਾ ਹੀ ਦੇ ਜਾ ਖ਼ੁਸ਼ਬੋਈ।

ਬਿਨ ਦੇਖੇ ਕੋਲੋਂ ਲੰਘੇਂ
ਪਿੱਛੇ ਕਾਹਤੋਂ ਮੁੜਦਾ ਨੀਂ
ਸੁਣਦਾ ਨੀ ਕਾਹਤੋਂ ਅਰਜ਼ੋਈ।

ਸੁਣ ਲੈ ਫ਼ਕੀਰਾ ਵੇ ਤੂੰ
ਰਾਣੀ ਇਸ ਦੇਸ਼ ਦੀ ਮੈਂ
ਮੰਗ ਲੈ ਮੁਰਾਦ ਪੂਰੀ ਹੋਈ

ਚਾਰ ਮੁਲਾਕਾਤਾਂ/ ਚਾਰ ਹੰਝੂ

ਜਦ ਅਸੀਂ ਮਿਲੇ ਸੀ ਸੱਜਣਾ ਵੇ ਪਹਿਲੀ ਵਾਰ..
ਪੱਤਝੜ ਤਦ ਸੀ ਕਰ ਰਹੀ ਪੱਤਿਆਂ 'ਤੇ ਮਾਰ..
ਮੈਨੂੰ ਯਾਦ ਮੇਰੇ ਨਾਮ ਦੀ ਤੂੰ ਪਾਈ ਪੁਕਾਰ..
ਆਖਿਆ ਸਬਰ ਕਰੀਂ ਤੇ ਥੋੜ੍ਹਾ ਵਕਤ ਗੁਜ਼ਾਰ..
ਜਦ ਇਹ ਪੱਤੀਆਂ ਮੁੜ ਕੇ ਫਿਰ ਪੁੰਗਰਨੀਆਂ..
ਨਵੇਂ ਰਿਸ਼ਤੇ ਨੂੰ ਬੰਨ੍ਹਣ ਦਾ ਓਹੀ ਸਮਾਂ..
ਆਵੀਂ ਜਦ ਇਹ ਪੰਛੀਂ ਮੁੜ ਕੇ ਅਵਣਗੇ..
ਮਿਲਣੇ ਦੀ ਰੁੱਤ ਦਾ ਹੈ ਓਹੀ ਲਮ੍ਹਾ।

ਫਿਰ ਹੋਏ ਦੀਦਾਰ ਤੇਰੇ ਜਦ ਦੂਜੀ ਵਾਰ..
ਰੁੱਖਾਂ 'ਤੇ ਸੀ ਛਾਅ ਰਹੀ ਸੋਹਣੀ ਬਹਾਰ..
ਪੱਤੀਆਂ 'ਤੇ ਸੀ ਚੜ੍ਹਿਆ ਜੋਬੁਨ ਦਾ ਖ਼ੁਮਾਰ..
ਪਰ ਤਦ ਵੀ ਯਾਰਾਂ ਲਈ ਨਾ ਤੂੰ ਮੇਰੀ ਸਾਰ..
ਆਖਿਆ ਕਿ ਇਹ ਵਕ.ਤ ਨਾ ਇਕ ਹੋਣ ਦਾ..
ਆਵੀਂ ਜਦ ਬੱਦਲ ਗਰਜੇ ਤੇ ਮੀਂਹ ਵਰਸੇ ਜੀ..
ਜਦ ਅੰਬਰ ਹੋਵਣ ਕਾਲੇ ਘੁੱਪ ਹਨ੍ਹੇਰੇ ਜਿਹੇ..
ਜਦ ਕੁਦਰਤ ਸਾਰੀ ਇੱਕ ਬੂੰਦ ਨੂੰ ਤਰਸੇ ਜੀ।

ਫ਼ਿਰ ਅਚਾਨਕ ਮਿਲੇ ਸੀ ਆਪਾਂ ਤੀਜੀ ਵਾਰ..
ਸਾਵਣ ਦਾ ਮਹੀਨਾ ਸੀ ਮੋਰ ਬਣੇ ਨਚਾਰ..
ਤੁਪਕੇ ਗਾਵਣ ਗੀਤ ਤੇ ਪਾਣੀ ਦੀ ਬੁਛਾਰ..
ਓਹਦੀ ਅੱਖੋਂ ਜਾਪੇ ਹੁਣ ਬਦਲੂਗੀ ਵਿਹਾਰ..
ਪਰ ਮੁੜ ਗਈ ਫ਼ਿਰ ਉਹ ਮੇਰੇ ਤੀਕ ਆ ਕੇ..
ਫ਼ਿਰ ਅਗਲੀ ਮਿਲਣੀ 'ਤੇ ਗੱਲ ਪਾ ਗਈ ਜੀ..
ਹਾਲ ਅੱਧ-ਮਰਿਆ ਜਿਹਾ ਕਰਕੇ ਮੈਨੂੰ..
'ਜਿਊਂਦਾ ਰਹੀਂ ਮਿਲਾਂਗੇ' ਗੱਲ ਸਮਝਾ ਗਈ ਜੀ।

ਅੱਜ ਯਾਰੋ ਸਾਡੀ ਮੁਲਾਕਾਤ ਹੈ ਆਖ਼ਰੀ ਵਾਰ..
ਆਈ ਉਹ ਸ਼ਮਸ਼ਾਨ 'ਚ ਹੰਝੂ ਲੈ ਕੇ ਚਾਰ..
ਗੱਲ ਲੱਗ ਰੋਣਾ ਚਾਹਵੇ, ਵਿੱਚ ਚੰਦਨ ਦੀ ਦੀਵਾਰ..
ਜ਼ਿੰਦਗੀ ਦੀ ਇਹ ਬਾਜ਼ੀ ਮੈਂ ਗਿਆ ਅਗੇਤੀ ਹਾਰ..
ਪਹਿਲਾ ਹੰਝੂ ਡਿੱਗਿਆ ਤਾਂ ਦਿਲ ਧੜਕੇ ਮੇਰਾ..

www.PunjabiLibrary.com

ਫ਼ਿਰ ਦੁਬਾਰਾ ਨਾ ਮੈਂ ਜੰਮ ਕੇ ਮਰਨਾ ਚਾਹਵਾਂ ਜੀ..
ਕਰ ਜਿਗਰਾ ਮੈਂ ਸਾਹ ਨੂੰ ਘੁੱਟੀ ਪਿਆ ਰਿਹਾ..
ਮੌਤ ਤੋਂ ਭੈੜਾ ਦਰਦ ਹੋਰ ਨਾ ਜਰਨਾ ਚਾਹਵਾਂ ਜੀ।

ਤੇ ਫ਼ਿਰ ਦੋ ਹੰਝੂ ਸਿੱਟੇ ਉਸਨੇ ਵਾਰੋ-ਵਾਰ..
ਸਹਿ ਨਾ ਪਾਵਾਂ ਅੱਥਰੂ ਜਿਸ ਨੂੰ ਕਰਦਾਂ ਪਿਆਰ..
ਚੌਥੇ ਹੰਝੂ ਸਾਰ ਮੈਂ ਖੜਾ ਹੋਣ ਨੂੰ ਤਿਆਰ..
ਪਰ ਲਾਂਬੂ ਦੀ ਰੀਤ 'ਤੇ ਆਇਆ ਸੰਸਾਰ..
ਅੱਗ ਵਧਾਈ ਮੇਰੇ ਵੱਲ ਠਰ ਗਿਆ ਮੈਂ..
ਜਿੰਨੇ ਜ਼ਖ਼ਮ ਸੀ ਉਸਨੇ ਦਿੱਤੇ ਜਰ ਗਿਆ ਮੈਂ..
ਜ਼ਿੰਦਾ ਹਾਂ ਪਰ ਸੜ ਰਿਹਾਂ ਮੈਂ ਮਰ ਰਿਹਾ ਜੀ..
ਫ਼ਿਰ ਵੀ ਅਡੋਲ ਰਿਹਾ ਕੀ ਕਰ ਗਿਆ ਮੈਂ..
ਸਮਝ ਨਾ ਆਵੇ ਅਰਜ਼ਾਂ ਕਿ ਕੀ ਕਰ ਗਿਆ ਮੈਂ।

ਅਰਜੋਈ

ਲੈ ਅਰਜੋਈ ਦਰ 'ਤੇ ਇੱਕ ਲੜਕੀ ਆਈ।
ਬੂਹਾ ਜਦ ਨਾ ਖੋਲ੍ਹਿਆ ਖਿੜਕੀ ਖੜਕਾਈ।
ਖਿੜਕੀ ਅੱਧੀ ਖੋਲ੍ਹ ਕੇ ਮੈਂ ਬਾਹਰ ਤੱਕਿਆ।
ਨੈਣ ਨੈਣਾਂ ਵਿੱਚ ਪਾ ਕੇ ਸੰਗੀ ਸ਼ਰਮਾਈ।
ਕਹਿੰਦੀ ਸੁਣ ਵੇ ਸ਼ਾਇਰਾ, ਤੂੰ ਲਿਖ ਦੇ ਕੁੱਝ ਵੀ'
ਮੈਂ ਤਾਂ ਤੈਨੂੰ ਚਾਹਿਆ, ਤੂੰ ਦਿਲ ਦੀ ਬੁੱਝ ਵੀ'
ਕਾਹਤੋਂ ਕਰੋਂ ਫਕੀਰੀਆਂ ਚੱਲ ਵਾਪਸ ਆ ਜਾ।
ਸ਼ਿਵ ਦੀ "ਕੁੜੀ ਮੁੱਹਬਤ" ਵਾਂਗੂੰ ਅਮਰ ਕਰਾ ਜਾ
ਮੈਂ ਕਿਹਾ ਵਿੱਚ ਇਸ਼ਕ ਦੇ ਕੋਈ ਸ਼ਰਤ ਨਾ ਚਲਦੀ।
ਇਹ ਇਸ਼ਕ ਅਨੋਖੀ ਲਾਟ ਹੈ ਜੋ ਰਹਿੰਦੀ ਬਲਦੀ।
ਇਹ ਸੌਖਾ ਨਾ ਹੈ ਸ਼ਾਇਰ ਹੋਣਾ, ਖ਼ੂਨ ਸੜਾਉਣਾ"
ਰੋਜ਼ ਹੀ ਕਰਨਾ ਸਫ਼ਰ ਨਵਾਂ ਫਿਰ ਵਾਪਸ ਆਉਣਾ"
ਕਹਿੰਦੇ ਇੱਕ ਵਾਰ ਆਪਣਾ ਫਿਰ ਕੱਲੀ ਕਰਦੀਂ।
ਇੱਕ ਨਜ਼ਰ ਸੁਵੱਲੀ ਮਾਰ ਕੇ ਭਾਵੇਂ ਝੱਲੀ ਕਰਦੀਂ।
ਮੈਂ ਬਣ ਜਾਊਂ ਚਕੋਰ ਤੇਰੀ ਤੇ ਤੂੰ ਮੇਰਾ ਚੰਨ ਵੇ।
ਮੈਂ ਹਰ ਇੱਕ ਤੇਰੀ ਮੰਨਣੀ ਤੂੰ ਬੱਸ, ਇੱਕ ਮੰਨ ਵੇ।
ਇਸ਼ਕ ਮਿੱਠਾ ਐ ਜ਼ਹਿਰ ਨਿਰਾ ਘੁੱਟ ਭਰਨਾ ਔਖਾ।
ਇਹ ਬਿਰਹਾ ਤਨ ਮਨ ਸਾੜ ਦਵੇ ਬੱਸ ਕਹਿਣਾ ਸੌਖਾ।
ਸ਼ਾਮਾਂ ਪਈਆਂ ਅੜੀਏ ਨੀ ਜਾ ਆਪਣੇ ਘਰ ਨੂੰ'
ਇੱਥੇ ਕੁੱਝ ਨਾ ਰੱਖਿਆ, ਤੂੰ ਛੱਡ ਦੇ ਦਰ ਨੂੰ।
ਲੈ ਕੇ ਮੁੱਖ ਉਦਾਸੀ ਜ਼ੁਈ ਉਹ ਵਾਪਿਸ ਪਰਤੀ।
ਮੇਰੇ ਅੰਦਰ ਬੱਦਲ਼ ਗਰਜ਼ਿਆ ਤੇ ਪਾਟੀ ਧਰਤੀ।
ਫਿਰ ਕਈਂ ਦਿਨ ਬੀਤ ਗਏ ਉਹ ਨਜ਼ਰ ਨਾ ਆਈ।
ਲੱਗਦਾ ਸੀ ਉਹ ਸਮਝ ਗਈ ਜਿਵੇਂ ਸਮਝਾਈ।
ਇੱਕ ਦਿਨ ਉੱਠੀ ਤੜਪ ਜਿਹੀ ਮਿਲ ਆਵਾਂ ਉਸਨੂੰ।
ਨਾਮ ਪਤਾ ਪਰ ਪਤਾ ਨਹੀਂ ਮੈਂ ਪੁੱਛਦਾ ਕਿਸਨੂੰ।
ਸ਼ਹਿਰ ਸਾਰਾ ਘੁੰਮ ਦੇਖਿਆ, ਪਰ ਖ਼ਬਰ ਨਾ ਹੋਸੀ।
ਉਸ ਅਰਜੋਈ ਦਾ ਖ਼ੁਦ ਨੂੰ ਮੈਂ ਲੱਗਿਆ ਦੋਸ਼ੀ।

ਥੱਕ ਕੇ ਹੋ ਉਦਾਸ ਗਿਆ ਬਿਸਤਰ 'ਤੇ ਡਿੱਗਿਆ।
ਖਿੜਕੀ ਕੋਈ ਖੜਕਾ ਰਿਹਾ ਫਿਰ ਐਦਾਂ ਲੱਗਿਆ।
ਉੱਠ ਕੇ ਇਕਦਮ ਦੌੜਿਆ ਖਿੜਕੀ ਦੇ ਵੱਲ ਨੂੰ।
ਖ਼ਬਰੇ ਓਹੀ ਹੋਵਣੀ ਮੈਂ ਸਮਝਿਆ ਗੱਲ ਨੂੰ।
ਪੌਣ ਪੁਰੇ ਦੀ ਵਗ ਰਹੀ ਜਿਸ ਖੜਕਾ ਆਇਆ।
ਮਾਯੂਸ ਹੋਇਆ ਦਿਸ ਰਿਹਾ ਦੂਰੋਂ ਇੱਕ ਸਾਇਆ।
ਬਾਹਰ ਨਿੱਕਲ਼ ਕੇ ਤੁਰ ਪਿਆ ਮੈਂ ਵੱਲ ਪਰਛਾਵੇਂ।
ਖੜ੍ਹੀ ਪਾਈ ਅਰਜੋਈ ਮੈਂ ਫਿਰ ਆਪਣੇ ਸ੍ਹਾਵੇਂ।
ਕਹਿੰਦੀ ਸੁਣ ਵੇ ਸ਼ਾਇਰਾ ਤੂੰ ਪਿਆਰ ਨਾ ਕਰ ਵੇ।
ਪਰ ਮੈਨੂੰ ਵੀ ਤੂੰ ਰੋਕ ਨਾ ਮੈਨੂੰ ਲੱਗੇ ਡਰ ਵੇ।
ਐਥੇ ਰੋਜ਼ ਮੈਂ ਆਂਵਦੀ ਹਾਂ ਅੱਧੀ ਰਾਤੀਂ।
ਤੂੰ ਜਾਪੇ ਮੈਨੂੰ ਦੀਵਾ ਤੇ ਮੈਂ ਉਜਵਲ ਬਾਤੀ।
ਤੈਥੋਂ ਹੀ ਮੈਂ ਸਿੱਖਿਆ ਇਹ ਇਸ਼ਕ ਹਕੀਕੀ।
ਮੈਨੂੰ ਰੋਕ ਕੇ ਕਰ ਰਿਹਾਂ ਮੇਰੇ ਨਾਲ਼ ਵਧੀਕੀ।
ਹੈਰਾਨ ਹੋਏ ਦਾ ਉਥੇ ਮੱਥਾ ਮੇਰਾ ਘੁੰਮਿਆਂ।
ਦੋ ਕਦਮ ਵਧਾ ਕੇ ਜਦ ਉਸ ਮੱਥਾ ਚੁੰਮਿਆਂ
ਆਈ ਤਰੇਲ਼ੀ ਮੈਨੂੰ ਸੀ ਮੈਂ ਉੱਠ ਕੇ ਬਹਿ ਗਿਆ।
ਇਹ ਤਾਂ ਬੱਸ ਇੱਕ ਸੁਫ਼ਨਾ ਸੀ ਜੋ ਵੀ ਮੈਂ ਕਹਿ ਗਿਆ।
ਚੁੱਕੀ ਕਾਪੀ ਕਲਮ, ਕਲਮ 'ਚੋਂ ਦਿਸਦਾ ਕੋਈ।
ਧਿਆਨ ਨਾਲ ਜਦ ਦੇਖਿਆ, ਮੇਰੀ ਅਰਜੋਈ।

www.PunjabiLibrary.com

ਸਵੇਰ ਨਾਲ਼ ਵਾਰਤਾ

ਬੇਸ਼ਰਮ ਜਿਹੀ ਸਵੇਰ ਨੂੰ ਪੁੱਛੋ।
ਕਿੱਥੇ ਸੀ ਇਹ ਸਾਰੀ ਰਾਤ।
ਹਨ੍ਹੇਰੇ ਵਿੱਚ ਸਿਸਕਦਾ ਕੋਈ।
ਪੁੱਛੀ ਨਾ ਇਸ ਦਿਲ ਦੀ ਬਾਤ।

ਲੁੱਕ-ਲੁੱਕ ਕੇ ਹੁਣ ਕਿਹੜੇ ਮੂੰਹ ਨਾਲ
ਵਿਹੜੇ ਆਈ ਬਣ ਪ੍ਰਭਾਤ।
ਚੁੱਪ ਚੁਪੀਤੀ ਨੀਵੀਂ ਪਾਈ।
ਕੀ ਗੱਲ ਪੈ ਗਈ ਤੈਨੂੰ ਮਾਤ।

ਖਚਰਾ ਹਾਸਾ ਉਦਾਸੀ 'ਚ ਬਦਲ ਗਿਆ।
ਪੰਛੀ ਚਹਿਕਣਾ ਬੰਦ ਕਰ ਗਏ।
ਬਾਹਰ ਖਮੋਸ਼ੀ ਛਾ ਗਈ।
ਤੇ ਅੰਦਰ ਨਮੋਸ਼ੀ
ਹੋਲ਼ੀ ਜਿਹੇ ਸਵੇਰ ਬੋਲੀ।

ਤੈਨੂੰ ਛੱਡ ਮੈਂ ਉੱਡ ਪੁੱਡ ਜਾਵਾਂ।
ਐਡੀ ਮੇਰੀ ਕੀ ਔਕਾਤ।
ਚਾਨਣ 'ਚ ਕੋਈ ਸਮਝ ਨਾ ਲਵੇ।
ਐਸੇ ਕਰਕੇ ਸੱਦੀ ਰਾਤ।

ਆਸ਼ਿਕ ਸ਼ਾਇਰ ਇੱਕੋ ਰਮਜ਼ਾਂ।
ਅੰਧੇਰ ਤਾਂ ਉਹਨਾਂ ਲਈ ਸੌਗਾਤ।
ਕਾਹਤੋਂ ਮਾਰੇਂ ਮਿਹਣੇ ਮੈਨੂੰ।
ਆਖੇਂ ਮੈਨੂੰ ਤੂੰ ਕਮਜਾਤ।

ਮੇਰੇ ਕੋਲ਼ ਕੋਈ ਜਵਾਬ ਨਹੀਂ ਉਸਦੀ ਇਸ ਗੱਲ ਦਾ।
ਮੁਆਫ਼ੀ ਮੰਗਦਿਆਂ ਮੈਂ ਕਿਹਾ।

www.PunjabiLibrary.com

ਮੁਆਫ਼ ਕਰੀਂ ਤੂੰ ਕਮਲੇ ਦਿਲ ਨੂੰ।
ਹਾਵੀ ਹੋ ਗਏ ਸੀ ਜਜ਼ਬਾਤ।
ਤੇਰਾ ਇਹ ਅੰਦਾਜ਼ ਹੀ ਭਾਉਂਦਾ।
ਨਿੱਤ ਮਾਂ ਵਾਂਗੂੰ ਕਰਦੀ ਝਾਤ।

ਤੂੰ ਲਿਖਾਵੇਂ ਜਦ ਵੀ ਆਵੇਂ।
ਮੇਰੇ ਜਿਹੀ ਲਿਖਾਰੀ ਜਾਤ।
ਆ ਲਿਖਾਂ ਅੱਜ ਤੇਰੇ ਕਰਕੇ।
ਤੂੰ ਕਾਗਜ਼ ਤੂੰ ਕਲਮ ਦਵਾਤ।

ਇਸ਼ਕ ਸ੍ਰਿਆਂ

ਵਾਹ ਓਏ ਇਸ਼ਕ ਸ੍ਰਿਆਂ।
ਰੱਬੀ ਸੰਜੋਗ ਬਣਾ ਕੇ।
ਰੂਹਾਂ ਦਾ ਮੇਲ਼ ਕਰਾ ਕੇ।
ਤੂੰ ਸਾਨੂੰ ਇਸ਼ਕਾ ਲਾਇਆ।

ਵਾਹ ਓਏ ਇਸ਼ਕ ਸ੍ਰਿਆਂ।
ਦੋਹਾਂ ਨੂੰ ਇੱਕ-ਮਿੱਕ ਕੀਤਾ।
ਅਸਾਂ ਜਾਮ ਵਸਲ ਦਾ ਪੀਤਾ।
ਤੇ ਤੂੰ ਰੱਬ ਦਾ ਰੁਤਬਾ ਪਾਇਆ।

ਵਾਹ ਓਏ ਇਸ਼ਕ ਸ੍ਰਿਆਂ।
ਯਾਰ ਦੇ ਬਿਨ੍ਹਾਂ ਕੋਈ ਨਾ ਸੁੱਝੇ।
ਅਸੀਂ ਯਾਰੜੇ ਵਿੱਚ ਹੀ ਰੁੱਝੇ।
ਇਹ ਤੂੰ ਕੈਸਾ ਖੇਲ ਰਚਾਇਆ।

ਵਾਹ ਓਏ ਇਸ਼ਕ ਸ੍ਰਿਆਂ।
ਸਾਡੇ ਉੱਤੇ ਟੂਣਾ ਕਰਕੇ।
ਸਾਨੂੰ ਇਸ਼ਕ ਵਿਹੂਣਾ ਕਰਕੇ।
ਜਿਉਂਦਿਆਂ ਨੂੰ ਲਾਬੂੰ ਲਾਇਆ

ਵਾਹ ਓਏ ਇਸ਼ਕ ਸ੍ਰਿਆਂ।
ਸਾਨੂੰ ਆਪਸ ਵਿੱਚ ਲੜਾ ਕੇ।
ਹੱਥੀਂ ਕਾਗਜ਼ ਕਲਮ ਫੜਾ ਕੇ।
ਦੋਹਾਂ ਨੂੰ ਕਵੀ ਬਣਾਇਆ।

ਮੈ ਪਰੇਸ਼ਾਨ ਹਾਂ

ਮੈਂ ਪਰੇਸ਼ਾਨ ਹਾਂ।
ਥੋੜ੍ਹਾ ਹੈਰਾਨ ਵੀ।
ਕਿ ਇਹ ਦਰਦ ਜੋ ਉੱਠਦਾ ਹੈ।
ਇਸਦਾ ਕੋਈ ਇਲਾਜ ਕਿਉਂ ਨਹੀਂ।
ਜੋ ਸਕੂਨ ਦੇ ਦੋ ਪਲ ਹੀ ਦੇ ਦਵੇ
ਐਦਾਂ ਦਾ ਕੋਈ ਸਾਜ ਕਿਉਂ ਨਹੀਂ।

ਉਹ ਆੱਖਰੀ ਖ਼ਤ ਮੈਂ ਪੜ੍ਹੇ ਸੀ।
ਮੇਰੇ ਨੈਣ ਹੰਝੂਆਂ ਨਾਲ਼ ਮਿੱਟ ਚੁਕੇ।
ਉਹਨਾਂ ਅੱਖਰਾਂ 'ਤੇ ਅੜੇ ਸੀ।
ਹਾਂ ਕੁੱਝ ਕੁ ਅੱਖਰ ਲਿਖੇ ਸੀ।
ਮੈਂ ਵੀ ਉਹਦੀ ਯਾਦ 'ਚ।
ਹਾਂ ਕਈ ਕਵਿਤਾ ਕਹਿਣ ਲੱਗੇ
ਉਹਨਾਂ ਅੱਖਰਾਂ ਨੂੰ ਬਾਅਦ 'ਚ।

ਪਰ ਇਹ ਜੋ ਕਲਮ ਦੀ ਘਸਾਵਟ ਸੀ।
ਕਵਿਤਾ ਸੀ ਜਾਂ ਕੁੱਝ ਵੀ ਕਹਿ ਲਵੋ।
ਬੱਸ ਉਹਦੇ ਹੋਣ ਦੀ ਆਹਟ ਸੀ।
ਇਹ ਅਹਿਸਾਸਾਂ ਦੀ ਲੜੀ।
ਮੇਰੇ ਦਰਦਾਂ ਨੂੰ ਘਟਾ ਗਈ।
ਉਹਦੇ ਦਿੱਤੇ ਜ਼ਖ਼ਮਾਂ ਨੂੰ ਵੀ
ਹੌਲ਼ੋ ਹੌਲ਼ੇ ਕਰ ਮਿਟਾ ਗਈ।

ਅੰਦਰ ਮੇਰੇ ਭਾਦੋਂ ਜਿਹੇ।
ਹੁੱਸੜ ਤੇ ਚਮਾਸੇ ਨੇ।
ਕਮਾਲ ਦੀ ਗੱਲ ਹੈ।
ਫਿਰ ਵੀ ਬਾਹਰ ਹਾਸੇ ਨੇ।
ਮੈਂ ਖ਼ੁਦ ਲਿਖਦਾ ਹਾਂ।
ਤੇ ਆਪੇ ਹੀ ਗਾਉਂਦਾ ਹਾਂ।
ਕੋਈ ਕਹਿ ਗਿਆ ਸਦਾ ਖ਼ੁਸ਼ ਰਹੀਂ
ਇਸੇ ਲਈ ਮੁਸਕਰਾਉਂਦਾ ਹਾਂ।

ਮਾਏ ਨੀ

ਮਾਏ ਨੀ ਅੱਜ ਆਖਰ ਵੇਰੀ।
ਮਿਲਣ ਓਸਨੂੰ ਚੱਲੇ ਜੀ।
ਬੜੇ ਨੇ ਕੀਤੇ ਮਿੰਨਤਾਂ ਤਰਲੇ।
ਬੜੇ ਹੀ ਅੱਡੇ ਪੱਲੇ ਜੀ।
ਅੱਜ ਅਸਾਂ ਨੇ ਦੇਣਾ ਕੁੱਝ ਨਾ।
ਵਾਪਸ ਲੈਣੇ ਛੱਲੇ ਜੀ।
ਉਹ ਤਾਂ ਜਾਪੇ ਗਿਰਝ ਜਿਹੀ ਜੋ
ਜ਼ਖ਼ਮ ਦੇ ਗਈ ਅੱਲੇ ਜੀ।
ਮਾਏਂ ਅੱਜ ਤਾਂ ਆਪੇ ਜਾਣਾ।
ਖਤ ਬੜੇ ਅਸਾਂ ਘੱਲੇ ਜੀ।
ਕਰਨੀ ਹੈ ਮੁਲਾਕਾਤ ਅਖ਼ੀਰੀ।
ਨੀਲੇ ਅੰਬਰ ਥੱਲੇ ਜੀ।
ਮਾਏ ਨੀ ਮੈਨੂੰ ਦੇ ਹੌਂਸਲਾ।
ਖਿੱਚਦੀ ਆਪਣੇ ਵੱਲੇ ਜੀ।
ਜਾਦੂਗਰਨੀ ਜੋਗ ਦਿਖਾਵੇ।
ਦਿਲ ਵਿੱਚ ਪੈਂਦੇ ਹੱਲੇ ਜੀ।
ਮਿੱਠੀ ਪੀੜਾ ਦਰਦ ਤੇ ਹਾਸਾ।
ਐਸੇ ਰੋਗ ਅਵੱਲੇ ਜੀ।
ਮਾਏ ਨੀ ਮੈਨੂੰ ਮੰਗਣ ਲਾ'ਤਾ।
ਫਿਰਦਾ ਗਲੀ ਮੁਹੱਲੇ ਜੀ।
ਸੱਜਣ ਬਿਨ ਕੁੱਝ ਨਜ਼ਰ ਨਾ ਆਵੇ।
ਰੁੱਸਿਆ ਕਿਹੜੀ ਗੱਲੇ ਜੀ।
ਮਾਏ ਨੀ ਮੈਂ ਮਰ ਮੁੱਕ ਜਾਣਾ।
ਐਦਾਂ ਈ 'ਕੱਲੇ 'ਕੱਲੇ ਜੀ।

ਲੀੜੇ ਗਿੱਲੇ ਨੇ

ਪੜ੍ਹਦੀ ਨੇ ਇਕਦਮ ਪੁੱਛਿਆ।
ਖ਼ਤ ਕਾਹਤੋਂ ਸਿਲ੍ਹੇ ਨੇ।
ਧੌਣ ਕੋਲ਼ੇ ਹੱਥ ਲਾ ਕੇ ਪੁੱਛਦੀ।
ਕਾਹਤੋਂ ਲੀੜੇ ਗਿੱਲੇ ਨੇ।

ਬਣਦੀ ਐ ਭੋਲ਼ੀ ਉਹ ਚੰਦਰੀ।
ਹੰਝੂਆਂ ਨੂੰ ਪਾਣੀ ਦੱਸਦੀ।
ਦੁੱਖ ਭਾਵੇਂ ਮੇਰੇ ਸਾਰੇ ਜਾਣਦੀ।
ਖਚਰਾ ਜਿਹਾ ਹਾਸਾ ਹੱਸਦੀ।
ਉਹਦੇ ਦਿਲ ਘਰ ਕਰ ਜਾਣ ਲਈ
ਕਿਤੇ ਕਈ ਵਸੀਲੇ ਨੇ।
ਧੌਣ ਕੋਲੇ ਹੱਥ ਲਾ ਕੇ ਪੁੱਛਦੀ।
ਕਾਹਤੋਂ ਲੀੜੇ ਗਿੱਲੇ ਨੇ।

ਕੀਹਨੇ ਕਿੱਥੇ ਕਦ ਸਾਥ ਛੱਡਿਆ।
ਇਹ ਵੀ ਉਹ ਜਾਣਦੀ ਐ।
ਕੋਲੋਂ ਲੰਘ ਜਾਵੇ ਪਾਸਾ ਵੱਟ ਕੇ।
ਹੁਣ ਨਾ ਪਛਾਣਦੀ ਐ।
ਕਈ ਅਰਜ਼ ਕਾਬੂ ਉਸ ਕੀਤੇ ਨੇ।
ਜਿਉਂ ਜੋਗੀ ਸੱਪ ਕੀਲੇ ਨੇ।
ਧੌਣ ਕੋਲ਼ੇ ਹੱਥ ਲਾ ਕੇ ਪੁੱਛਦੀ।
ਕਾਹਤੋਂ ਲੀੜੇ ਗਿੱਲੇ ਨੇ।

ਆਖਰ ਵੇਲਾ

ਕੱਚ, ਕੰਡੇ ਸਭ ਪਿੰਡੇ ਸਹਿ ਕੇ।
ਸਫਰ ਮੈਂ ਅੱਜ ਮੁਕਾਇਆ ਨੀ।
ਮੌਤ ਖੜ੍ਹੀ ਸਿਰਹਾਣੇ ਆ ਕੇ।
ਘਰ ਤੇਰਾ ਪਰ ਆਇਆ ਨੀ।
ਜਿੱਤ ਪੱਕੀ ਕਰ ਤੁਰਿਆ ਸਾਂ ਮੈਂ।
ਵਕਤ ਨੇ ਅੱਜ ਹਰਾਇਆ ਨੀ।
ਸਮਾਂ ਸਰੀਰ ਦਾ ਪੂਰਾ ਹੋਸੀ।
ਕਿਥੋਂ ਦਿਆਂ ਕਿਰਾਇਆ ਨੀਂ।
ਆਖਰ ਵੇਲਾ ਚਾਨਣ ਭਾਲ਼ਾਂ।
ਦਿਸੇ ਹਨ੍ਹੇਰੀ ਰਾਤ ਨੀਂ।
ਬੱਦਲਾਂ ਵੀ ਲੁਕੋਇਆ ਚਾਨਣ।
ਦੂਰ ਦਿਸੇ ਪ੍ਰਭਾਤ ਨੀ।
ਸਾਰੇ ਹੀ ਨੇ ਵੈਰੀ ਹੋਏ।
ਕਿਸੇ ਨਾ ਪੁੱਛੀ ਬਾਤ ਨੀਂ।
ਯਾਦ ਆਈ ਮੈਨੂੰ ਮੇਰੀ ਅੰਮੜੀ।
ਹਰ ਦਮ ਕਰਦੀ ਝਾਤ ਨੀਂ।
ਮੇਰੇ ਅੰਦਰ ਬਿਰਹਾ ਫੁੱਟਦਾ।
ਤੇਰੇ ਅੰਦਰ ਹਾਸਾ ਨੀ।
ਤੇਰਾ ਅੰਦਰ ਰੱਜਿਆ ਭਰਿਆ।
ਮੇਰਾ ਅੰਦਰ ਪਿਆਸਾ ਨੀਂ।
ਸਾੜ ਤੇਰਾ ਮੇਰਾ ਪਿੰਜਰ ਸਾੜੇ।
ਬਚਿਆ ਮਾਸ ਨਾ ਮਾਸਾ ਨੀ।
ਘੁੱਲ਼ ਹੀ ਜਾਣਾ ਅਰਜ ਨੇ ਆਖਿਰ।
ਪਾਣੀ ਵਿੱਚ ਪਤਾਸਾ ਨੀ।

www.PunjabiLibrary.com

ਮਹਿਰਮਾਂ

ਰਾਤੀਂ ਨੀਂਦ ਨਾ ਆਵੇ ਲੈਵਾਂ ਉਸੱਲਵੱਟੇ ਮੈਂ।
ਤੇਰੇ ਜਾਣ ਪਿਛੋਂ ਆਹ ਦਿਨ ਵੀ ਕਿੱਦਾਂ ਕੱਟੇ ਮੈਂ।
ਮੈਥੋਂ ਜਾਂ ਮੇਰੇ ਰੱਬ ਤੋਂ ਪੁੱਛ, ਮੇਰੇ ਮਹਿਰਮਾਂ।
ਕਿੰਨੇ ਰੱਖੇ ਯਾਰਾ ਇਸ ਸੀਨੇ 'ਤੇ ਵੱਟੇ ਮੈਂ।

ਤੇਰੇ ਗਮ ਸਤਾਈ ਸੁਣੀਆਂ ਖਰੀਆਂ ਖਰੀਆਂ ਮੈਂ।
ਤੇਰੇ ਜਾਣ ਪਿੱਛੋਂ ਤਕਲੀਫਾਂ ਕਿੰਨੀਆਂ ਜਰੀਆਂ ਮੈਂ।
ਮੈਥੋਂ ਜਾਂ ਮੇਰੇ ਰੱਬ ਤੋਂ ਪੁੱਛ, ਮੇਰੇ ਮਹਿਰਮਾਂ।
ਤੈਨੂੰ ਮੰਨ ਕੇ ਬਾਵਾ ਕਿੰਨੀਆਂ ਮਿੰਨਤਾਂ ਕਰੀਆਂ ਮੈਂ।

ਤੇਰੀ ਰਾਹ ਉਡੀਕਾਂ ਕੇਸ ਨਾ ਅੱਜਕੱਲ੍ਹ ਵਾਹੇ ਮੈਂ।
ਕਈ ਦਿਨ ਹੋ ਗਏ ਨਾ ਤਨ ਤੋਂ ਲੀੜੇ ਲਾਹੇ ਮੈਂ।
ਮੈਥੋਂ ਜਾਂ ਮੇਰੇ ਰੱਬ ਤੋਂ ਪੁੱਛ, ਮੇਰੇ ਮਹਿਰਮਾਂ।
ਇੱਥੇ ਰੋਜ਼ ਹੀ ਚੜ੍ਹਦੀ ਇਸ਼ਕਾਂ ਵਾਲੇ ਫਾਹੇ ਮੈਂ।

ਕੋਈ ਕੰਮ ਨਾ ਆਏ ਜਿਹੜੇ ਕੀਤੇ ਟੂਣੇ ਮੈਂ।
ਤੇਰੇ ਇਸ਼ਕ ਦੇ ਫੱਲ ਨੇ ਤਾਂ ਹੀ ਕਰਦੀ ਦੂਣੇ ਮੈਂ।
ਮੈਥੋਂ ਜਾਂ ਮੇਰੇ ਰੱਬ ਤੋਂ ਪੁੱਛ, ਮੇਰੇ ਅਰਜ਼ ਸ੍ਰਿਆਂ।
ਖਾਵਾਂ ਮਿੱਠੀਆਂ ਸੱਟਾਂ, ਪੀਵਾਂ ਹੰਝੂ ਲੂਣੇ ਮੈਂ।
***

ਇਸ਼ਕ

ਕਈ ਵਾਰੀ ਇਹ ਖ਼ੁਸ਼ੀਆਂ ਦੇਵੇ।
ਦੁਖੜਿਆਂ ਦਾ ਭਰਮਾਰ ਕਰੇ।
ਹਿਜਰ ਤੇ ਵਸਲ ਜੋ ਵੀ ਹੋਵੇ।
ਰੋਗੀ ਪਰ ਹਰ ਵਾਰ ਕਰੇ।
ਕਿੱਥੋਂ ਤੀਕ ਕੋਈ ਭੱਜ ਲਊਗਾ।
ਇਹ ਤਾਂ ਸੁੱਤਿਆਂ 'ਤੇ ਵੀ ਵਾਰ ਕਰੇ।
ਬੇਵਫਾਈ ਨੂੰ ਕਦੇ ਜੱਫੀਆਂ ਪਾਵੇ।
ਵਫ਼ਾ ਨਾਲ਼ ਕਦੀ ਖਾਰ ਕਰੇ।
ਇਸਦੀ ਹੁੰਦੀ ਆਪਣੀ ਤੱਕੜੀ।
ਸਭ ਦਾ ਤੋਲ ਇੱਕ-ਸਾਰ ਕਰੇ।
ਕਿਥੋਂ ਤੀਕ ਕੋਈ ਭੱਜ ਲਊਗਾ।
ਇਹ ਤਾਂ ਸੁੱਤਿਆਂ ਤੇ ਵੀ ਵਾਰ ਕਰੇ।
ਕਈਂ ਵਾਰੀ ਤਾਂ ਲੁਕਿਆ ਰਹਿੰਦਾ।
ਇਜ਼ਤ ਨੂੰ ਤਾਰ-ਤਾਰ ਕਰੇ।
ਕਦੇ ਕਦੇ ਹੋਵੇ ਬੇਸ਼ਰਮੀ।
ਕਦੇ ਤਾਂ ਸ਼ਰਮਸਾਰ ਕਰੇ।
ਕਿੱਥੋਂ ਤੀਕ ਕੋਈ ਭੱਜ ਲਊਗਾ।
ਇਹ ਤਾਂ ਸੁੱਤਿਆਂ 'ਤੇ ਵੀ ਵਾਰ ਕਰੇ।
ਕਦੇ ਬਣਾਵੇ ਸੰਤ ਫ਼ਕੀਰ।
ਕਦੇ ਕਦੇ ਹੰਕਾਰ ਕਰੇ।
ਕਦੇ ਬਣਾਵੇ ਅਰਜ਼ ਨੂੰ ਸ਼ਾਇਰ।
ਸ਼ਾਇਰੀ ਨਾਲ਼ ਜੋ ਪਿਆਰ ਕਰੇ।
ਕਿਥੋਂ ਤੀਕ ਕੋਈ ਭੱਜ ਲਊਗਾ।
ਇਹ ਤਾਂ ਸੁੱਤਿਆਂ 'ਤੇ ਵੀ ਵਾਰ ਕਰੇ।

ਮੌਨ

ਤੇਰੀ ਯਾਦ ਸਹਾਰੇ ਕੱਟਦੀ ਦਿਨ ਵੇ।
ਰਹਿ ਨਾ ਸਕਦੀ ਤੇਰੇ ਬਿਨ ਵੇ।
ਕਿਉਂ ਤੂੰ ਰੋਲ਼ੇਂ ਹਾਣੀਆਂ।
ਤੱਤੜੀ ਦੀ ਉਮਰ ਨਿਆਣੀ ਵੇ।

ਸੋਕਾ ਪੈ ਗਿਆ ਮੇਰੇ ਵਿਹੜੇ।
ਰੋਗ ਗਿਣਾਵਾਂ ਕਿਹੜੇ-ਕਿਹੜੇ।
ਹੁਣ ਰੋਂਦੀ ਦੇ ਹੰਝ ਨਾ ਚੋਂਦੇ।
ਨੈਣਾਂ 'ਚੋਂ ਵਹਿ ਗਿਆ ਪਾਣੀ ਵੇ।

ਹੁਣ ਸੁਣਾਵਾਂ ਕਿਸਨੂੰ ਕਿੱਸੇ।
ਦਰਦ ਤੇ ਹਾਉਂਕੇ ਮੇਰੇ ਹਿੱਸੇ।
ਸਾਂਭ ਕੇ ਰੱਖਾਂ ਦਿਲ ਦੇ ਕੋਨੇ।
ਕੌਣ ਸੁਣੇ ਕਹਾਣੀ ਵੇ।

ਰਾਤ ਪ੍ਰਭਾਤ ਵੀ ਇੱਕੋ ਲੱਗਦੇ।
ਰੰਗ ਬਿਰੰਗੇ ਫਿੱਕੇ ਲੱਗਦੇ।
ਰੋਲ਼ੇ ਰੱਪੇ-ਚੁੱਪ ਨੇ ਹੋਏ।
ਮੌਨ ਹੋਈ ਮਰਜਾਣੀ ਵੇ।
***

ਦੇਸ਼ ਦੀ ਲੜਕੀ

ਮੈਂ ਦੇਸ਼ ਦੀ ਲੜਕੀ ਬੋਲਦੀ
ਮੈਨੂੰ ਸਾਰਾ ਆਲਮ ਜਾਣਦਾ।
ਕਿਸੇ ਰੱਬ ਦਾ ਰੁਤਬਾ ਦੇ ਦਿੱਤਾ
ਕਹੇ ਅੱਲ੍ਹਾ ਸਾਡੇ ਹਾਣ ਦਾ।

ਮੇਰੇ ਜਨਮ ਤੋਂ ਬਾਪੂ ਡਰ ਗਿਆ
ਮੇਰਾ ਦਾਜ ਉਸ ਬਣਾਵਣਾ।
ਮੇਰੀ ਮਾਂ ਵੀ ਦਰੀਆਂ ਬੁਣਨੀਆਂ।
ਮੈਨੂੰ ਇੱਜ਼ਤਾਂ ਨਾਲ਼ ਵਿਹਾਵਣਾ ।

ਮੈਨੂੰ ਕੰਜਕ ਵਾਂਗ ਬਿਠਾ ਕੇ।
ਸਾਰਾ ਜੱਗ ਪੂਜੀ ਜਾਂਵਦਾ।
ਪਰ 'ਕੱਲੀ ਕਹਿਰੀ ਦੇਖ ਕੇ।
ਮੇਰਾ ਫ਼ਾਇਦਾ ਫਿਰੇ ਉਠਾਂਵਦਾ।

ਇੱਕ ਬੜੀਆਂ ਇੱਜ਼ਤਾਂ ਦੇਵਦਾਂ
ਕਹਿੰਦਾ ਮੈਂ ਤੈਨੂੰ ਚਾਂਹਵਦਾ।
ਜਦ ਉਸਨੂੰ ਮਿਲਣਾ ਚਾਹਿਆ
ਉਹ ਹੋਟਲ ਵਿੱਚ ਬਲਾਂਵਦਾ

ਇੱਕ ਆਇਆ ਸੀ ਹੱਕ ਦੇਣ ਲਈ
ਮੇਰੀ ਛਾਤੀ ਦੇਖੀ ਜਾਂਵਦਾ।
ਮੈਨੂੰ ਤੁਰਦੀ ਪਿੱਛੋਂ ਦੇਖਦਾ
ਨਾਲ਼ੇ ਆਪਣਾ ਕਾਮ ਜਗਾਂਵਦਾ।

ਮੈਂ ਕੇਸ ਵੀ ਅੱਜਕੱਲ੍ਹ ਵਾਹੇ ਨਾ।
ਨਾ ਸੂਰਜ ਧੁੱਪ ਕਰਾਂਵਦਾ।
ਜਦ ਖੇਤ ਮੈਂ ਕਰਦੀ ਕੰਮੜੇ ।

ਤਾਂ ਪਿੰਡੇ ਆਣ ਜਲਾਂਵਦਾ।
ਇੱਥੇ ਹਰ ਮਹੀਨੇ ਪਿੱਛੋਂ ਰੱਬ।
ਇੱਕ ਚੱਕਰ ਨਵਾਂ ਚਲਾਂਵਦਾ।
ਮੇਰੇ ਪਿੰਡਿਓਂ ਚੀਸਾਂ ਨਿੱਕਲ਼ਦੀਆਂ।
ਤੇ ਜਿਸਮ ਵੀ ਦਰਦ ਹੰਢਾਂਵਦਾ।

ਤੇਜ਼ਾਬ ਨਾਲ਼ ਮੈਨੂੰ ਸਾੜ ਗਿਆ
ਜੋ ਸੀ ਗੀਤ ਪਿਆਰ ਦੇ ਗਾਂਵਦਾ।
ਆਹ ਕੈਸੀ ਦੋਗਲੀ ਦੁਨੀਆਂ
ਮੈਨੂੰ ਰੱਤੀ ਸਮਝ ਨਾ ਆਂਵਦਾ।

ਮੈਨੂੰ ਗ਼ਲਤੀ ਸਮਝ ਨਾ ਆਂਵਦੀ
ਜੱਗ ਮੈਨੂੰ ਗ਼ਲਤ ਠਹਿਰਾਂਵਦਾ।
ਮੇਰੀ ਮਾਂ ਵੀ ਗਾਲ੍ਹਾਂ ਕੱਢ ਰਹੀ
ਤੇ ਬਾਪੂ ਵੀ ਝਿੜਕ ਬਲਾਂਵਦਾ।
ਤੇ ਬਾਪੂ ਵੀ ਝਿੜਕ ਬਲਾਂਵਦਾ।
***



ਰਾਗ ਵੈਰਾਗ

ਤੇਰੀ ਖੈਰ ਮੰਗਾਂ ਸੱਚੇ ਰੱਬ ਕੋਲ਼ੋਂ।
ਤੱਤੜੀ ਜਿਊਂਦੇ ਜੀਅ ਤੂੰ ਮਾਰੀ ਵੇ।
ਮੇਰਾ ਦਾਮਨ ਫਿੱਕੜਾ ਕਰ ਛੱਡਿਆ।
ਕੋਈ ਰੰਗ ਨਾ ਲਾਇਆ ਲਲਾਰੀ ਵੇ।

ਮੇਰੀ ਡੋਰ ਐ ਹੱਥਾਂ ਤੇਰਿਆਂ 'ਚ।
ਜਿਵੇਂ ਕਠਪੁਤਲੀ ਹੱਥ ਮਦਾਰੀ ਵੇ।
ਤੂੰ ਆਵੇਂ ਨਾ ਮੈਂ ਥੱਕਦੀ ਨਾ।
ਬੈਠ ਉਡੀਕਾਂ ਖੋਲ ਕੇ ਬਾਰੀ ਵੇ।

ਮੇਰੀ ਰੁਲ਼ੀ ਜਵਾਨੀ ਰਾਹਾਂ 'ਚ।
ਜਿਵੇਂ ਭਟਕੇ ਕੋਈ ਭੰਬੀਰੀ ਵੇ।
ਮੈਂ ਤੈਥੋਂ ਬਾਹਰ ਨ੍ਹੀ ਜਾ ਸਕਦੀ।
ਪੈਰੀਂ ਬੰਨ੍ਹੀ ਐਸੀ ਜੰਜ਼ੀਰੀ ਵੇ

ਮੇਰੇ ਬਾਗੀਂ ਰੁੱਖ ਵੀ ਸੜ ਗਏ।
ਨਾਲ਼ੇ ਸੁੱਕੀ ਨਵੀਂ ਪਨੀਰੀ ਵੇ।
ਵੇ ਮੈਂ ਰੋਵਾਂ ਤੇ ਕੁਰਲਾਵਾਂ ਵੀ।
ਜਿਵੇਂ ਕੂਕਦੀ ਫਿਰੇ ਟਟੀਰੀ ਵੇ।

ਮੈਨੂੰ ਰਾਗ ਵੈਰਾਗ ਦਾ ਖਾ ਗਿਆ।
ਮੈਨੂੰ ਭਾਉਂਦੀ ਨਾ ਸ਼ਹਿਨਾਈ ਵੇ।
ਤੂੰ ਮੰਦੜਾ ਦਰਸ਼ਨ ਦੇਵੇਂ ਨਾ।
ਮੈਂ ਪਾਉਂਦੀ ਫਿਰਾਂ ਦੁਹਾਈ ਵੇ।

ਤਰਸ ਨਾ ਖਾਵੇਂ ਮਰਦੀ ਤੇ ਤੂੰ
ਸ਼ਰਮ ਸਿਰਾਂ ਤੋਂ ਲਾਹੀ ਵੇ।
ਨਿੱਤ ਪੋਟਾ ਪੋਟਾ ਵੱਢ ਸੁੱਟਦੈਂ।
ਤੂੰ ਭੈੜਾ ਅਰਜ਼ ਕਸਾਈ ਵੇ।

www.PunjabiLibrary.com

ਸ਼ਿਵ ਕੁਮਾਰ ਬਟਾਲਵੀ ਲਈ

ਹਾਂ ਮੈਂ ਮੰਨਦਾ ਹਾਂ ਮੈਂ ਰਹਿੰਦਾ ਸ਼ਹਿਰ ਬਟਾਲੇ 'ਚ
ਪਰ ਇਹ ਨਾ ਆਖੋ ਮੈਨੂੰ ਨਾਂ ਨਾਲ਼ ਜੋੜ ਬਟਾਲਵੀ।
ਇਹ ਤਾਂ ਤਗਮਾ ਸੀ ਇੱਕ ਐਸੇ ਸ਼ਾਇਰ ਆਸ਼ਿਕ ਦਾ ਸੱਚ ਆਖਾਂ।
ਜਿਸਨੇ ਠੇਠ ਪੰਜਾਬੀ ਜੱਗ ਵਿੱਚ ਸੀ ਲਹਿਰਾਈ।

ਅੱਜਕੱਲ੍ਹ ਇੱਕ ਦੋ ਲਾਇਨਾਂ ਲਿਖਣ ਵਾਲ਼ਾ ਵੀ ਸ਼ਾਇਰ ਐ।
ਪਰ ਪੁੱਛੋ ਉਸਨੇ ਕਦੇ ਕੋਈ ਐਸੀ ਤਰਜ਼ ਬਣਾਈ।
ਜਿਸਨੂੰ ਪੜ੍ਹਨ ਵਾਲਾ ਵੀ ਲੜਨ ਲੱਗੇ ਜਜ਼ਬਾਤਾਂ ਨਾਲ਼ ਸੱਚ ਆਖਾਂ।
ਬਿਰਹਾ-ਬਿਰਹਾ ਵੀ ਤਦ ਲੱਗਣ ਲੱਗ ਪਏ ਮਾਹੀ।

ਮੇਰੇ ਵਰਗੇ ਇੱਥੇ ਕਲਮਾਂ ਫੜ੍ਹ ਤੁਰ ਪੈਂਦੇ ਨੇ।
ਪਰ ਮੈਨੂੰ ਸੱਦੋ ਨਾ ਤੁਸੀਂ ਕਵੀ, ਸ਼ਾਇਰ, ਲਿਖਾਰੀ।
ਜੀ ਮੈਂ ਹਾਣ ਦਾ ਨਾ ਕਦੇ ਹੋ ਸਕਦਾ ਉਹਨਾਂ ਸ਼ਾਇਰਾਂ ਦੇ ਸੱਚ ਆਖਾਂ।
ਮੈਂ ਉਹਨਾਂ ਪੈਰਾਂ ਵੱਲੋਂ ਰਾਹੀ ਧੂੜ ਖਿਲਾਰੀ।
***

ਸੁਨੇਹੜੇ

ਤੇਰੀ ਯਾਦ ਸ਼ੁਦਾਈਆ, ਲਾਏ ਰੋਗ ਵੇ ਕਿਹੜੇ।
ਨਾ ਆਪ ਤੂੰ ਆਇਆ ਨਾ ਆਏ ਸੁਨੇਹੜੇ।
ਵੇ ਮੈਂ ਕਮਲ਼ੀ ਹੋ ਗਈ ਵੇ ਮੈਂ ਦੇਵਾਂ ਦੁਹਾਈਆਂ।
ਮੇਰੀ ਵਿਲਕਣ ਗਲ਼ੀਆਂ, ਮੇਰੇ ਸੁੰਨੇ ਵਿਹੜੇ।

ਮੈਂ ਦਿਲ ਤੋਂ ਕੀਤਾ ਤੈਨੂੰ ਪਿਆਰ ਹਕੀਕੀ।
ਵੇ ਤੂੰ ਸਮਝ ਨਾ ਪਾਇਆ ਏਂ ਪਿਆਰ ਬਰੀਕੀ।
ਇੱਥੇ ਸਾਵਣ ਬਰਸੇ ਇੱਥੇ ਬੱਦਲ ਗਰਜੇ।
ਮੇਰੇ ਪੋਟੇ ਗਲ਼ ਗਏ ਵੇ ਤੂੰ ਕਰੇਂ ਵਧੀਕੀ।

ਮੈਂ ਵਾਂਗ ਬਬੀਹੇ ਤੈਨੂੰ ਪਾਉਣਾ ਚਾਹੁੰਦੀ।
ਤੈਨੂੰ ਪਾਵਣ ਖ਼ਾਤਰ ਕੁਝ ਗਾਉਣਾ ਚਾਹੁੰਦੀ।
ਵੇ ਤੂੰ ਵਾਪਸ ਆ ਜਾ, ਭਾਵੇਂ ਰੋਸੇ ਕਰ ਲੈ।
ਮੈਂ ਰੁੱਸਿਆ ਯਾਰ ਮਨਾਉਣਾ ਚਾਹੁੰਦੀ।

ਕਦੇ ਇਹ ਨਾ ਆਖੀਂ, ਵਿਸਾਰ ਦੇ ਮੈਨੂੰ।
ਬਸ ਦੂਰ ਨਾ ਕਰ ਵੇ ਮੇਰਾ ਤਰਲਾ ਤੈਨੂੰ
ਤੇਰੀ ਯਾਦ ਸਹਾਰੇ ਦਿਨ ਕੱਟਦੀ ਜਾਵਾਂ।
ਹਾੜਾ ਆਪਣੇ ਹੱਥੀਂ, ਭਾਵੇਂ ਮਾਰ ਦੇ ਮੈਨੂੰ।
***

ਮਿਹਣੇ

ਮੇਰੇ ਗੀਤ ਮੈਨੂੰ ਮਿਲੇ
ਨਾਲੇ ਕਰਦੇ ਨੇ ਗਿਲੇ
ਵੇ ਤੂੰ ਦਰਦ ਜੁਦਾਈਆਂ
ਕਾਹਤੋਂ ਸਾਡੇ ਹਿੱਸੇ ਪਾਈਆਂ।

ਵੇ ਕਿਉਂ ਦਰਜ਼ ਨਾ ਕੀਤੇ
ਕਾਹਤੋਂ ਮਿੱਠੇ ਮਿੱਠੇ ਹਾਸੇ
ਸਾਡੀ ਇੱਕ ਵੀ ਨਾ ਸੁਣੀ
ਵੇ ਤੂੰ ਕਰੇਂ ਮਨਆਈਆਂ।

ਇੱਕ ਕਵਿਤਾ ਅਧੂਰੀ ਨੇ
ਵੀ ਬਾਤ ਜਿਹੀ ਪਾਈ
ਮੈਨੂੰ ਪੂਰਾ ਕਿਉਂ ਨ੍ਹੀਂ ਕੀਤਾ
ਕਿਉਂ ਨਾ ਕਲਮਾਂ ਘਸਾਈਆਂ।

ਮੇਰੀ ਗਜ਼ਲਾਂ ਵੀ ਹਿੱਕ ਤਾਣ
ਜਵਾਬ ਪਈਆਂ ਮੰਗਣ
ਸਾਨੂੰ ਲਿਖ ਭੁੱਲੀ ਬੈਠਾਂ
ਕਦੇ ਆਪ ਕਿਉਂ ਨ੍ਹੀਂ ਗਾਈਆਂ।

ਵੇ ਬੱਚਿਆਂ ਦੇ ਚਾਅ ਜਿਹਾ।
ਲਿਖਿਆ ਨਾ ਕੁੱਝ ਕਦੇ।
ਨਾ ਹੀ ਤੇਰੀ ਲੇਖਣੀ 'ਚ।
ਆਈਆਂ ਕਦੇ ਮਾਈਆਂ।

ਮੁੜਕਾ ਹੈ ਬਾਪੂ ਦਾ ਜੋ।
ਸੁੰਘਦਾ ਐਂ ਚਾਵਾਂ ਨਾਲ਼।
ਓਸ ਕੁੜਤੇ ਦੀ ਮਹਿਕਾਂ ਤੋਂ
ਕਵਿਤਾ ਨ੍ਹੀਂ ਬਣਾਈਆਂ।

ਕਿਰਤੀ ਤੇ ਕਾਮੇ ਦੀ ਤੂੰ।
ਗੱਲ ਕਦੇ ਕਰਦਾ ਨਹੀਂ।
ਨਸ਼ਿਆਂ ਵਿਕਾਰਾਂ ਨੂੰ ਤੂੰ।
ਤੁਹਮਤਾਂ ਨਾ ਲਾਈਆਂ।

ਇਹਨਾਂ ਸਭਨਾਂ ਨੂੰ।
ਹੁਣ ਮੈਂ ਜਵਾਬ ਕਿਵੇਂ ਦੇਵਾਂ।
ਮੇਰੀ ਲੇਖਣੀ 'ਚ ਰੱਬ ਸੱਚੇ।
ਬਰਕਤਾਂ ਨਾ ਪਾਈਆਂ।

ਬਸ ਮੇਰੀ ਕਲਮ ਤੋਂ।
ਦਰਦੀ ਨਾ ਹੋਵੇ ਕੋਈ।
ਏਹੋ ਅਰਦਾਸ ਮੇਰੀ।
ਤੇਰੇ ਮੂਹਰੇ ਸਾਈਆਂ।
ਏਹੋ ਅਰਦਾਸ ਮੇਰੀ।
ਤੇਰੇ ਮੂਹਰੇ ਸਾਈਆਂ।
***

ਸਧਰਾਂ ਖਵਾਹਿਸ਼ਾ

ਜਦ ਰਾਤ ਨੂੰ ਕੋਠੜੇ ਚੜ੍ਹ ਕੇ ਦੇਖਾਂ ਤਾਰੇ ਮੈਂ।
ਤਾਹਨੇ ਮਾਰਨ ਤੇ ਸੁਣਾਵਣ ਖਰੀਆਂ ਖਰੀਆਂ।
ਕੀ ਖੱਟਿਆ ਵੇ ਤੂੰ ਇਸ਼ਕੇ ਦੇ ਵਿੱਚ ਅਰਜ਼ ਸ੍ਰਿਆਂ।
ਤੇਰੀ ਸਧਰਾਂ ਖਵਾਹਿਸ਼ਾਂ ਸਦਮੇ ਕਾਰਣ ਮਰੀਆਂ।

ਸੁਣ 'ਲੋ ਤਾਰਿਓ ਵੇ ਮੈਂ ਯਾਦਾਂ ਸੰਗ ਸਦ-ਜੀਵਣਾ।
ਇਹ ਰਾਤੀਂ ਆਉਂਦੀਆਂ ਕੋਲ਼ੇ ਬਣ ਸੋਹਣੀਆਂ ਪਰੀਆਂ।
ਅਸੀਂ ਸੱਜਣਾ ਨੂੰ ਜੇ ਰੱਬ ਦਾ ਰੁਤਬਾ ਦੇ ਦਿੱਤਾ।
ਤਾਹੀਓਂ ਓਹਦੀਆਂ ਕਰੀ ਕੁਰੀਤੀਆਂ ਸਾਰੀਆਂ ਜਰੀਆਂ।

ਅਸੀ ਵੇਲ਼ੇ ਕੋਈ ਨਾ ਦੇਖੇ ਕਰਨ ਇਬਾਦਤ ਲਈ।
ਅਸੀਂ ਨਾਲ਼ ਯਾਦਾਂ ਬਹਿ ਕਈ ਨਮਾਜ਼ਾਂ ਪੜ੍ਹੀਆਂ।
ਇਹ ਹੰਝੂ ਨਾ ਇਹ ਕਮਲ਼ੇ ਪਾਕ ਸਮੁੰਦਰ ਨੇ।
ਇਹਨਾਂ ਲਹਿਰਾਂ ਦੇ ਵਿੱਚ ਕਈ ਕਹਾਣੀਆਂ ਹੜੀਆਂ।

ਬਣ ਉੱਚਾ ਰੁੱਖ ਮੈਂ ਓਹਦੇ ਵੱਲ ਨੂੰ ਜਾਂਵਦਾ।
ਓਹਦੇ ਤਾਪ ਦੇ ਨਾਲ਼ ਮੇਰੀ ਕਈ ਟਹਿਣੀਆਂ ਸੜੀਆਂ।
ਓਹਨੂੰ ਮੰਨ ਕੇ ਸੂਰਜ ਕਰਾਂ ਪਰਿਕ੍ਰਮਾ ਓਹਦੀ ਮੈਂ।
ਮੈਨੂੰ ਕਹਿਣ ਅਵਾਰਾ, ਲਾਈਆਂ ਤੁਹਮਤਾਂ ਬੜੀਆਂ।

ਇੱਕ ਪਿਆਰੀ ਜਿਹੀ ਚਕੋਰ ਵੀ ਓਥੇ ਆ ਪਹੁੰਚੀ।
ਉਸਨੇ ਵੀ ਮੇਰੇ ਨਾਲ਼ ਕਈ ਵਾਰਤਾਂ ਕਰੀਆਂ।
ਕੀ ਖੱਟਿਆ ਵੇ ਤੂੰ ਇਸ਼ਕੇ ਦੇ ਵਿੱਚ ਅਰਜ਼ ਸ੍ਰਿਆਂ।
ਤੇਰੀ ਸਧਰਾਂ ਖਵਾਹਿਸ਼ਾਂ ਸਦਮੇਂ ਕਾਰਣ ਮਰੀਆਂ।
***

ਲ੍ਹੇਲੜੀਆਂ

ਵੇ ਐਵੇਂ ਨਹੀਓਂ ਕੱਢਦੀ ਮੈਂ ਲ੍ਹੇਲੜੀਆਂ
ਤੇਰੇ ਬਾਜੋਂ ਕਰਨੀਆਂ ਕੀ ਹਵੇਲੜੀਆਂ
ਦੀਦ ਤੇਰੀ ਨੂੰ ਤਰਸਣ ਮੇਰੇ ਦੀਦੜੇ
ਲੋਕੀ ਆਖਣ ਅੱਖੀਆਂ ਤਾਂ ਨੇ ਵਿਹਲੜੀਆਂ।

ਕਰਾਂ ਟਕੋਰਾਂ ਇਸ਼ਕੜੇ ਦੇ ਮੈਂ ਫੱਟ ਦੀਆਂ
ਹਾਏ ਵੇ ਮਿਹਣੇ ਮਾਰਦੀਆਂ ਸਹੇਲੜੀਆਂ
ਦੀਦ ਤੇਰੀ ਨੂੰ ਤਰਸਣ ਮੇਰੇ ਦੀਦੜੇ
ਲੋਕੀ ਆਖਣ ਅੱਖੀਆਂ ਤਾਂ ਨੇ ਵਿਹਲੜੀਆਂ।

ਫੁੱਲਾਂ ਤੋਂ ਵੀ ਮਹਿਕ ਮਿੱਠੀ ਮਹਿਬੂਬ ਦੀ
ਮੈਨੂੰ ਭਾਉਂਦੇ ਨਾ ਗੁਲਾਬੜੇ, ਨਾ ਚਮੇਲੜੀਆਂ।
ਦੀਦ ਤੇਰੀ ਨੂੰ ਤਰਸਣ ਮੇਰੇ ਦੀਦੜੇ
ਲੋਕੀ ਆਖਣ ਅੱਖੀਆਂ ਤਾਂ ਨੇ ਵਿਹਲੜੀਆਂ।

ਵੇ ਹਾੜੇ ਮਿੰਨਤਾਂ ਕਰਦੀ ਅੱਧੀ ਹੋ ਗਈ ਮੈਂ।
ਤੂੰ ਮੋੜ ਦਿੱਤਾ ਮੈਂ ਟੱਪ ਕੇ ਆਈ ਦੇਹਲੜੀਆਂ।
ਦੀਦ ਤੇਰੀ ਨੂੰ ਤਰਸਣ ਮੇਰੇ ਦੀਦੜੇ।
ਲੋਕੀ ਆਖਣ ਅੱਖੀਆਂ ਤਾਂ ਨੇ ਵਿਹਲੜੀਆਂ।

ਸਮਝ ਨਾ ਪਾਈ ਅਰਜ਼ਾਂ ਰਮਜ਼ਾਂ ਡੂੰਘੀਆਂ।
ਹਰ ਗੱਲ 'ਤੇ ਪਾਉਨੈਂ ਗੁੱਝੀਆਂ ਤੂੰ ਪਹੇਲੜੀਆਂ।
ਦੀਦ ਤੇਰੀ ਨੂੰ ਤਰਸਣ ਮੇਰੇ ਦੀਦੜੇ।
ਲੋਕੀ ਆਖਣ ਅੱਖੀਆਂ ਤਾਂ ਨੇ ਵਿਹਲੜੀਆਂ।
***

ਮੱਸਿਆ ਦਾ ਚੰਨ

ਮੱਸਿਆ ਦੇ ਉਸ ਚੰਨ ਜਿਹਾ ਮੈਂ ਹੋ ਗਿਆ ਹਾਂ।
ਹੋਂਦ ਤਾਂ ਹੈ ਪਰ ਦਿਖਦਾ ਨਹੀਂ ਮੈਂ ਖੋ ਗਿਆ ਹਾਂ।

ਕਿਸੇ ਦੀਆਂ ਝਿੜਕਾਂ ਸ਼ਹਿਦ ਜਿਹੀਆ ਜਾਪਦੀਆਂ।
ਕਿਸੇ ਦਾ ਲਾਡ ਵੀ ਮੈਨੂੰ ਲੱਗੇ ਨਿਰਾ ਜ਼ਹਿਰ ਐ।
ਕਿਸੇ ਦੇ ਮਿੱਠੇ ਬੋਲ ਵੀ ਲੱਗਣ ਮੈਨੂੰ ਬੇ—ਮਤਲਬ ਦੇ।
ਕਿਸੇ ਦੀ ਖਮੋਸ਼ੀ ਵੀ ਲੱਗਦੀ ਮੈਨੂੰ ਕਹਿਰ ਐ।
ਓਹਦੇ ਦਰ 'ਤੇ ਆ ਕੇ ਸਕੂਨੀ ਨੀਂਦੇ ਸੌਂ ਗਿਆ ਹਾਂ।
ਮੱਸਿਆ ਦੇ ਉਸ ਚੰਨ ਜਿਹਾ ਮੈਂ ਹੋ ਗਿਆ ਹਾਂ।
ਹੋਂਦ ਤਾਂ ਹੈ ਪਰ ਦਿਖਦਾ ਨਹੀਂ ਮੈਂ ਖੋ ਗਿਆ ਹਾਂ।

ਵਿੱਚ ਸ਼ਹਿਰ ਬਟਾਲੇ ਹੋਣ ਘੁਟਾਲ਼ੇ ਇਸ਼ਕਾਂ ਦੇ।
ਜਿੱਥੇ ਜੇਠ ਹਾੜ੍ਹ ਦੀਆਂ ਧੁੱਪਾਂ ਵੀ ਨੇ ਠਾਰਦੀਆਂ।
ਇੱਥੇ ਸਾਵਣ ਦਾ ਮਹੀਨਾ, ਤਰਸੇ ਪਾਣੀ ਨੂੰ।
ਇੱਥੇ ਪੋਹ ਦੀਆਂ ਸਰਦ ਹਵਾਵਾਂ ਸੀਨਾ ਸਾੜਦੀਆਂ।
ਅਰਜ਼ਾ ਫਿਰ ਵੀ ਸ਼ਹਿਰ ਬਟਾਲੇ ਵਿੱਚ ਸਮੋ ਗਿਆ ਹਾਂ।
ਮੱਸਿਆ ਦੇ ਉਸ ਚੰਨ ਜਿਹਾ ਮੈਂ ਹੋ ਗਿਆ ਹਾਂ।
ਹੋਂਦ ਤਾਂ ਹੈ ਪਰ ਦਿਖਦਾ ਨਹੀਂ ਮੈਂ ਖੋ ਗਿਆ ਹਾਂ।
***

www.PunjabiLibrary.com

ਬਿਰਹੜਾ

ਜਦ ਜਦ ਸੀਨੇ ਲੱਗਿਆ ਤੇਰਾ ਬਿਰਹੜਾ
ਤਦ ਤਦ ਰੂਹ ਨੂੰ ਖਾਵੇ ਤੇਰਾ ਬਿਰਹੜਾ।

ਅੱਗੇ ਅੱਗੇ ਭੱਜਦਾ ਅੱਧਾ ਹੋ ਗਿਆ
ਪਿੱਛੋਂ ਮਾਰ ਮੁਕਾਵੇ ਤੇਰਾ ਬਿਰਹੜਾ।

ਪੂਰਾ ਹੋ ਕੇ ਜਦ ਮੈਂ ਦੂਜੇ ਘਰ ਗਿਆ
ਕਾਲ਼ੀ ਖੇਸੀ ਲੈ ਕੇ ਅੱਗੇ ਫ਼ਿਰ ਖੜਾ।

ਜਿਹੜੇ ਜ਼ਖ਼ਮਾਂ ਨੂੰ ਸੀ ਉਸਨੇ ਟੁੰਬਿਆ
ਮਰਹਮ ਲਾ ਠੰਢ ਪਾਵੇ ਤੇਰਾ ਬਿਰਹੜਾ
***

ਓਹਦੇ ਦੇਸ਼

ਲੈ ਕੇ ਘਸਮੈਲ਼ਾ ਜਿਹਾ ਖੇਸ
ਤੁਰਿਆਂ ਜਾਵਾਂ ਓਹਦੇ ਦੇਸ਼।
ਜਟਾਵਾਂ ਬਣੇ ਨੇ ਮੇਰੇ ਕੇਸ।
ਉਹਨੂੰ ਪਹਿਚਾਣ ਨਾ ਆਵੇ ਭੇਸ।

ਉਹ ਤਾਂ ਮਹਿਕੇ ਵਿੱਚ ਹਵਾਵਾਂ।
ਮੈਂ ਤਾਂ ਦਿੰਦਾ ਇਹੀ ਦੁਆਵਾਂ।
ਜਿੱਧਰ ਵੀ ਮੈਂ ਤੁਰਿਆ ਜਾਵਾਂ।
ਹੋਵਣ ਸੱਜਣ ਦੀਆਂ ਉਹ ਰਾਹਵਾਂ।

ਮੈਂ ਤਾਂ ਵਾਂਗ ਫਕੀਰਾਂ ਰਹਿੰਦਾ।
ਉਹਦੀ ਮੌਜ 'ਚ ਉੱਠਦਾ ਬਹਿੰਦਾ।
ਮੈਨੂੰ ਦੇਖ ਕੇ ਉਹ ਵੀ ਕਹਿੰਦਾ।
ਕਾਹਤੋਂ ਦਰਦ ਜੁਦਾਈਆਂ ਸਹਿੰਦਾ।

ਉਹਦੇ ਦੇਸ਼ ਬਿਨ੍ਹਾਂ ਨੀਂ ਸਰਦਾ।
ਹੁਣੇ ਪਤਾ ਲੱਗਿਐ ਘਰ ਦਾ।
ਬੂਹਾ ਖੁੱਲ੍ਹ ਰਿਹਾ ਐ ਦਰ ਦਾ।
ਅਰਜ਼ਾ ਦਿਲ ਪਿਆ ਐ ਮਰਦਾ।

ਪਹਿਲਾਂ ਨੱਕ ਬੁੱਲ੍ਹ ਜਿਹਾ ਵਟਾਇਆ।
ਆਹ ਤਾਂ ਮੰਗਣ ਫੱਕਰ ਆਇਆ।
ਮੇਰੀ ਝੋਲੀ ਆਟਾ ਪਾਇਆ।
ਫਿਰ ਥੋੜ੍ਹਾ ਜਿਹਾ ਮੁਸਕਾਇਆ।

ਓਦੋਂ ਗੀਤ ਪਿਆਰ ਦੇ ਗਾਈਏ।
ਜਦ ਵੀ ਸੱਜਣ ਮੂਹਰੇ ਆਈਏ।
ਉਹਦੀ ਖੈਰ 'ਚ ਮਿਲ ਗਈ ਮੁਕਤੀ।
ਕਿਉਂ ਨਾ ਐਥੇ ਈ ਮਰ ਜਾਈਏ।

ਸੁਰਮੇ ਦੇ ਦਾਗ

ਇਹ ਵਾ-ਵਰੋਲੇ ਤਾਂ ਵਗਦੇ ਈ ਰਹਿਣੇ।
ਇਹ ਤਾਰੇ ਨੇ ਦੀਵੇ ਜੋ ਜਗਦੇ ਈ ਰਹਿਣੇ।
ਇਹ ਇਸ਼ਕਾਂ ਨ੍ਹੀ ਮੁੱਕਣਾਂ। ਗੁਲਾਬਾਂ ਨ੍ਹੀ ਸੁੱਕਣਾਂ।
ਸੱਜਣ ਤਾਂ ਕੁਦਰਤ ਜਿਹੇ ਲੱਗਦੇ ਈ ਰਹਿਣੇ।

ਮੈਂ ਵੀ ਨ੍ਹੀਂ ਰਹਿਣਾ ਤੇ ਤੂੰ ਵੀ ਨੀ ਰਹਿਣਾ।
ਜ਼ਿੰਦਗੀ ਤਾਂ ਤੁਰਦੀ, ਕਿੱਥੇ ਐ ਬਹਿਣਾ।
ਚਾਰ ਦਿਨਾਂ ਦੀ ਖੇਡ ਐ ਸਾਰੀ।
ਸੁਣਿਆ ਤਾਂ ਹੋਣੈਂ, ਸਿਆਣੇ ਦਾ ਕਹਿਣਾ।

ਹੱਸ-ਹੱਸ ਬੀਜੋ ਮੁਹੱਬਤ ਦੀਆਂ ਫ਼ਸਲਾਂ।
ਹਾਸੇ ਨੇ ਉੱਗਣੇ ਤੇ ਖਿੜਨੀਆਂ ਨਸਲਾਂ।
ਨੀਂਦਰ ਨ੍ਹੀਂ ਪੈਣੀਂ, ਇਸ ਅਰਜ਼ ਦੇ ਨੈਣੀਂ
ਨਾ ਹਿੱਜ਼ਰਾਂ 'ਚ ਸੌਂਣਾਂ, ਨਾ ਪੈਣਾਂ ਵਿੱਚ ਵਸਲਾਂ।

ਆਹ ਬਹਿ ਜਾ ਕੋਲੇ, ਕਿਉਂ ਰੋਂਦਾ ਐਂ ਰੋਣੇ।
ਚਲਦੇ ਈ ਰਹਿਣੇਂ, ਕੀ ਪਾਉਣੇਂ ਕੀ ਖੋਣੇਂ।
ਇਹ ਸੁਰਮੇ ਦੇ ਦਾਗ਼, ਸਿਰਹਾਣੇ ਦੇ ਉੱਤੇ।
ਨਾ ਚਾਹੁੰਦੇ ਹੋਏ ਵੀ, ਇਹ ਪੈਣੇਂ ਨੇ ਧੋਣੇਂ।

ਇਹ ਦੁਨਿਆਦਾਰੀ ਚ ਤਾਂ ਵੱਸਣਾ ਐ ਪੈਂਦਾ।
ਸਭ ਕੁਝ ਖੋ ਕੇ ਵੀ ਹੱਸਣਾ ਐ ਪੈਂਦਾ।
ਮਰੀਆਂ ਨੇ ਸ਼ਕਲਾਂ, ਕੋਈ ਸਾੜ ਨਾ ਦੇਵੇ।
ਜਿਊਂਦੇ ਆਂ ਹਾਲੇ, ਇਹ ਦੱਸਣਾਂ ਐ ਪੈਂਦਾ।
***

ਇਸ਼ਕਾਂ ਦੇ ਢੰਗ

ਮੈਂ ਮਹਿਰਮ ਦੇ ਜਾਂਦੇ ਦੀ ਪੜ੍ਹੀਆਂ ਸੀ ਅੱਖਾਂ।
ਹੰਝੂਆਂ 'ਤੇ ਲਿਖੇ ਸਿਰਨਾਵੇਂ ਕਈਂ ਲੱਖਾਂ।
ਉਹ ਡਿੱਗਿਆ ਤੇ ਘੁਲ਼ਿਆ ਤੇ ਮਿੱਟੀ 'ਚ ਰੁਲ਼ਿਆ।
ਮੈਂ ਮਿੱਟੀ ਫਰੋਲ਼ੀ ਕਿ, ਸਾਂਭ ਕੇ ਰੱਖਾਂ।

ਉਹ ਬਣ ਗਏ ਹਵਾਵਾਂ, ਹਵਾਵਾਂ 'ਚ ਰਹਿਣੇ।
ਅੱਖਾਂ ਨੂੰ ਬੰਦ ਕਰ, ਇਹ ਪੜ੍ਹਨੇ ਨੇ ਪੈਣੇ।
ਧਿਆਨ ਲਗਾ ਕੇ ਤੇ ਸੁਰਤੀ ਟਿਕਾ ਕੇ।
ਇਹ ਹਿੱਕਾਂ 'ਤੇ ਵਾਹੁਣੇ ਤੇ ਦਰਦਾਂ ਵੀ ਸਹਿਣੇ।

ਮੈਂ ਆਉਂਦੇ ਤੇ ਜਾਂਦੇ ਫ਼ਕੀਰਾਂ ਤੋਂ ਪੁੱਛਿਐ।
ਮੈਂ ਜਿਊਂਦੀ ਤੇ ਮਰੀਆਂ ਜ਼ਮੀਰਾਂ ਤੋਂ ਪੁੱਛਿਐ।
ਮੈਂ ਅੰਬਰ ਹਵਾਵਾਂ ਫਿਜ਼ਾਵਾਂ ਤੋਂ ਪੁੱਛਿਐ।
ਮੈਂ ਬੰਜ਼ਰ ਧਰਾਤਲ ਲਕੀਰਾਂ ਤੋਂ ਪੁੱਛਿਐ।

ਮੈਨੂੰ ਪੰਛੀਆਂ ਨੇ ਦਿੱਤੇ ਨੇ ਸੁਨੇਹੇ ਸੱਜਣਾਂ
ਇਹ ਰੁੱਖ ਵੀ ਤਾਂ ਜਾਪਣ ਤੇਰੇ ਜਿਹੇ ਸੱਜਣਾਂ।
ਆਪ ਆਵੇਂ ਨਾ ਤੇ ਯਾਦਾਂ ਤੇਰੀਆਂ ਜਾਂਦੀਆ ਨਹੀਂ।
ਇਹ ਇਸ਼ਕਾਂ ਦੇ ਢੰਗ ਤੇਰੇ ਕੇਹੇ ਸੱਜਣਾਂ।
***

ਇਸ਼ਕ ਹਕੀਕੀ

ਕੀ ਪਰਦਾ ਹੁੰਦੈ ਇਸ਼ਕੇ ਦੇ ਵਿੱਚ ਅਰਜ਼ ਸ੍ਰਿਆਂ।
ਸੱਜਣ ਜਾਣਦੇ ਨੇ ਰਮਝਾਂ ਹਰ ਇੱਕ ਰਗ ਦੀਆਂ।
ਜਦ ਅੱਖੀਆਂ ਲੱਗਦੀਆਂ।
ਫਿਰ ਅੱਖਾਂ ਨਹੀਓਂ ਲੱਗਦੀਆਂ।

ਹਰ ਮੌਸਮ ਸੁਹਾਵਣਾ ਐ ਜਾਪਦਾ।
ਲੂ ਵਿੱਚ ਵੀ ਹਵਾਵਾਂ ਸੀਤ ਨੇ ਵਗਦੀਆਂ।
ਜਦ ਅੱਖੀਆਂ ਲੱਗਦੀਆਂ।
ਫਿਰ ਅੱਖਾਂ ਨਹੀਓਂ ਲੱਗਦੀਆਂ।

ਦਿਨ ਰਾਤ ਚੱਲਦਾ ਇਸ਼ਕਾਂ ਦਾ ਇਹ ਕਾਫ਼ਿਲਾ।
ਰਾਤੀ ਅੱਖਾਂ ਰਹਿਣ ਦੀਵੇ ਵਾਗੂੰ ਜਗਦੀਆਂ।
ਜਦ ਅੱਖੀਆਂ ਲੱਗਦੀਆਂ।
ਫਿਰ ਅੱਖਾਂ ਨਹੀਓਂ ਲੱਗਦੀਆਂ।

ਰਾਹਾਂ ਪਿਆਰ ਦੀਆਂ 'ਚ ਤੁਰਨਾ ਕਿਹੜਾ ਸੌਖਾ ਐ।
ਕਈਆਂ ਪਾਰ ਲਾਵੇ ਤੇ ਕਈਆਂ ਨੂੰ ਇਹ ਠੱਗਦੀਆਂ।
ਜਦ ਅੱਖੀਆਂ ਲੱਗਦੀਆਂ।
ਫਿਰ ਅੱਖਾਂ ਨਹੀਓਂ ਲੱਗਦੀਆਂ।
***

ਐਤਬਾਰ

ਦੇਖ ਕੇ ਚਮਕ। ਨਾ ਤੂੰ ਕਰੀਂ ਐਤਬਾਰ।
ਜੁਗਨੂੰ ਲੋਅ ਦਿਖਾ ਕੇ ਅਕਸਰ ਹਨ੍ਹੇਰੇ ਵੱਲ ਖਿੱਚੇ।

ਜਿਹਨੂੰ ਮੌਸਮਾਂ ਨਾਲ਼ ਪਿਆਰ! ਉਹਦਾ ਕਰੀਂ ਨਾ ਐਤਬਾਰ।
ਇਹ ਰੰਗ ਜਿਹੇ ਵਟਾਉਣੇ ਉਹਨੇ ਮੌਸਮਾਂ ਤੋਂ ਸਿੱਖੇ।

ਓਦਾਂ ਫਿਰਦੇ ਨੇ ਲੱਖਾਂ। ਕਿਸੇ ਦੀ ਪੜ੍ਹੀ ਨਾ ਤੂੰ ਅੱਖਾਂ।
ਦੇ ਕੇ ਅੱਖੀਆਂ ਨੂੰ ਰੋਣੇ। ਆਪ ਹੱਸਦਾ ਈ ਵਿਖੇ।

ਜਿਹੜਾ ਕਰਦੈ ਸ਼ਾਇਰੀ। ਉਹਦੀ ਪੜ੍ਹ ਲਵੀਂ ਡਾਇਰੀ।
ਦਰਦ ਪਿੰਡੇ 'ਤੇ ਹੰਢਾ ਕੇ। ਫ਼ਿਰ ਕਾਪੀਆਂ 'ਚ ਲਿਖੇ।
***

ਨਬਜ਼

ਅੰਧੇਰ ਭਰੇ ਇਸ
ਕਮਰੇ ਅੰਦਰ।
ਬਿਰਹਾ ਨਾਮੀ।
ਬਣਿਆ ਮੰਦਰ।
ਸਿਜਦੇ ਕਰਾਂ ਮੈਂ
ਸ਼ਾਮ ਸਵੇਰ।
ਲਿਖ ਲਿਖ ਕਾਗਜ਼।
ਲੱਗਿਆ ਢੇਰ।

ਨਬਜ਼ ਮੇਰੀ।
ਹਕੀਮ ਫਰੋਲ਼ੇ।
ਮਿਲਦੀ ਨਾਹੀਂ।
ਦੱਬ-ਦੱਬ ਟੋਲੇ।
ਸੱਜਣ ਲੋਚੇ।
ਯਾਰ ਨੂੰ ਸੋਚੇ।
ਇਹਦੇ ਵਿੱਚ।
ਬਬੀਹਾ ਬੋਲੇ।
***

ਤੂੰ ਹੀ

ਤੈਨੂੰ ਦੇਖਣ ਦੀ ਚਾਹ।
ਕਦੇ ਪੂਰੀ ਹੁੰਦੀ ਨਾ।
ਮੈਂ ਖੜਿਆ ਤੇਰੇ ਰਾਹ।
ਹੁਣ ਰਾਹ ਨਾ ਇੱਕ ਰਿਹਾ।

ਅੰਬਰੋਂ ਲੈ ਕੇ ਰੰਗ।
ਮੈਂ ਤੁਰਿਆ ਤੇਰੇ ਸੰਗ।
ਤਸਵੀਰ ਬਣਾਉਣੀ ਮੰਗ।
ਪਰ ਤੂੰ ਨਾ ਦਿਖ ਰਿਹਾ।

ਹਰ ਸ਼ੈਅ 'ਚੋਂ ਦਿਸਦਾ ਤੂੰ।
ਹਰ ਸ਼ੈਅ 'ਚ ਵੱਸਦਾ ਤੂੰ।
ਹਰ ਸ਼ੈਅ 'ਚ ਰਸਦਾ ਤੂੰ।
ਆਹੀ ਮੈਂ ਸਿਖ ਰਿਹਾ।

ਮੈਂ ਤਾਂ ਦੇਖੇ ਨੇ ਇਨਸਾਨ।
ਹਿੰਦੂ ਸਿੱਖ ਤੇ ਮੁਸਲਮਾਨ।
ਤੇ ਸਾਰਾ ਕੁੱਲ ਜਹਾਨ।
ਤੈਨੂੰ ਆਪਣਾ ਲਿਖ ਰਿਹਾ।

ਤੈਨੂੰ ਵਿੱਚ ਮੰਦਿਰਾਂ ਲੱਭਦੇ।
ਤੂੰ ਤਾਂ ਵੱਸਿਆ ਅੰਦਰ ਸਭ ਦੇ।
ਤੂੰ ਕਸੂਤਾ ਫਸਿਆ ਜੱਬ ਦੇ।
ਵਿੱਚ ਬਜ਼ਾਰੀਂ ਵਿੱਕ ਰਿਹਾ।

ਹੁਣ ਮੈਨੂੰ ਬੱਚਿਆਂ ਦੇ ਵਿੱਚ ਤੂੰ ਹੀ।
ਝੂਠੇ ਸੱਚਿਆਂ ਦੇ ਵਿੱਚ ਤੂੰ ਹੀ।
ਪੱਕੇ ਕੱਚਿਆਂ ਦੇ ਵਿੱਚ ਤੂੰ ਹੀ।
ਬਸ ਤੂੰ ਹੀ ਦਿਖ ਰਿਹਾ।

ਅਵਤਾਰ ਪਾਸ਼ ਨੂੰ ਸਮਰਪਿਤ

ਮੈਂ ਲਿਖਣਾ ਸ਼ੁਰੂ ਕੀਤਾ।
ਐਸ ਕਲਮ ਨੇ ਸਾਥ ਦਿੱਤਾ।
ਪਰ ਕਿਉਂ ਮੇਰੀ ਕਲਮ ਮੇਰਾ ਦਿਮਾਗ।
ਮੈਥੋਂ ਉਹ ਸਭ ਨਹੀਂ ਲਿਖਵਾਉਂਦਾ।
ਜੋ ਮੈਂ ਲਿਖਣਾ ਹਾਂ ਚਾਹੁੰਦਾ।

ਮੇਰੀ ਕਲਮ ਜ਼ੋਰ ਤੇ ਧੱਕਾ ਰਹੇ ਸਹਾਰਦੀ।
ਗਰੀਬਾਂ ਦੇ ਦਰਦ 'ਚ ਦੁਹੱਥੜੇ ਨ੍ਹੀਂ ਮਾਰਦੀ।
ਸਰਕਾਰਾਂ ਬਾਰੇ ਲਿਖਣਾ ਚਾਹਵਾਂ।
ਇਹ ਓਸੇ ਪੈਰ ਰੁਕ ਜਾਂਦੀ ਐ।
ਕਿਰਸਾਣ ਦੀ ਕੋਈ ਗੱਲ ਕਰਾਂ ਜੇ।
ਇਹਦੀ ਸਿਆਹੀ ਮੁੱਕ ਜਾਂਦੀ ਐ।

ਮੇਰੀ ਸੋਚ ਨੂੰ ਵੀ ਲੱਗਦੈ ਘੁਣ ਖਾ ਰਿਹਾ।
ਮੈਂ ਸ਼ਿਵ ਦੇ ਲਿਖੇ ਬਸ ਗੀਤ ਗਾ ਰਿਹਾ।
ਮੈਨੂੰ ਕਿਉਂ ਨਾ ਪਾਸ਼ ਨਜ਼ਰੀਂ ਆ ਰਿਹਾ।
ਆਹੀ ਮੈਨੂੰ ਅੰਦਰੋਂ-ਅੰਦਰੀਂ ਖਾ ਰਿਹਾ।
ਮੈਂ ਸਭ ਦੇਖਦਾ ਵੀ ਆਂ।
ਤੇ ਅਣਦੇਖਾ ਵੀ ਕਰ ਦਿੰਦਾ ਹਾਂ।
ਫ਼ਿਰ ਵੀ ਫੋਕਾ ਮਾਣ ਮੈਨੂੰ।
ਖ਼ੁਦ ਨੂੰ ਸ਼ਾਇਰ ਅਖਵਾਂ ਰਿਹਾ।

ਮੈਂ ਦੋਸ਼ੀ ਹਾਂ ਉਹਨਾਂ ਸਭਨਾਂ ਦਾ
ਜਿਹਨਾਂ ਲਈ ਮੈਂ ਕੁੱਝ ਨਾ ਲਿਖ ਪਾਇਆ।
ਮੈਂ ਸਭ ਮਹਿਸੂਸ ਕੀਤਾ ਤੇ ਫਿਰ ਪੱਥਰ ਬਣ ਗਿਆ।
ਕਾਸ਼ ਕੋਈ ਆਵੇ।
ਮੈਨੂੰ ਪਾਸ਼ ਜਿਹਾ ਤਰਾਸ਼ ਜਾਵੇ।
***

www.PunjabiLibrary.com

ਆਖ਼ਰੀ ਮਹਿਫ਼ਲ

ਇੱਕ ਆਖ਼ਰੀ ਵਾਰ ਕੁੱਝ ਲਿਖ ਜਾਣਾ ਚਾਹੁੰਦਾ ਹਾਂ।
ਇੱਕ ਆਖ਼ਰੀ ਵਾਰੀ ਮਹਿਫ਼ਲ ਸਜਾਉਣਾ ਚਾਹੁੰਦਾ ਹਾਂ।

ਲਫ਼ਜ਼ ਆਪਣੇ ਹਮੇਸ਼ਾ ਆਪੇ ਪੜ੍ਹਨੇ ਪਏ।
ਇੱਕ ਆਖ਼ਰੀ ਵਾਰ ਆਪਣੀ ਗੱਲ ਸਭ ਨੂੰ ਸੁਣਾਉਣਾ ਚਾਹੁੰਦਾ ਹਾਂ।
ਇੱਕ ਆਖ਼ਰੀ ਵਾਰੀ ਮਹਿਫ਼ਲ ਸਜਾਉਣਾ ਚਾਹੁੰਦਾ ਹਾਂ।

ਤਾਰੀਫ਼ ਮਿਲ਼ੀ ਵੀ ਤਾਂ ਨਫ਼ਰਤ ਭਰੇ ਅਲਫ਼ਾਜ਼ਾਂ ਨਾਲ਼।
ਇੱਕ ਆਖ਼ਰੀ ਵਾਰੀ ਮੁਹੱਬਤ ਪਾਉਣਾ ਚਾਹੁੰਦਾ ਹਾਂ।
ਇੱਕ ਆਖ਼ਰੀ ਵਾਰੀ ਮਹਿਫ਼ਲ ਸਜਾਉਣਾ ਚਾਹੁੰਦਾ ਹਾਂ।

ਅਰਜ਼ ਕਰੇ ਮੇਰੀ ਕਲਮ ਮੈਨੂੰ "ਕਦੇ ਚਾਪਲੂਸੀ ਨਾ ਕਰੀ"
ਬਿਆਨ ਕਰੀਂ ਹੱਕ ਸੱਚ, ਜਾਂ ਹਾਲ-ਏ-ਦਿਲ ਬਿਆਨ ਕਰੀਂ।
ਇਹੀ ਗੱਲ ਹਰ ਇੱਕ ਨੂੰ ਸਮਝਾਉਣਾ ਚਾਹੁੰਦਾ ਹਾਂ।
ਇੱਕ ਆਖ਼ਰੀ ਵਾਰੀ ਮਹਿਫ਼ਲ ਸਜਾਉਣਾ ਚਾਹੁੰਦਾ ਹਾਂ।

ਜੋ ਵੀ ਪੜ੍ਹੋ ਆਪਣੇ ਦਿਲੋਂ ਪੜ੍ਹੋ।
ਤੁਹਾਡੇ ਲਈ ਲਫ਼ਜ਼, ਕਿਸੇ ਲਈ ਅਹਿਸਾਸ ਹੋ ਸਕਦੇ ਨੇ।
ਆਖ਼ਰੀ ਵਾਰੀ ਕੁੱਝ ਲਿਖ ਜਾਣਾ ਚਾਹੁੰਦਾ ਹਾਂ।
ਇੱਕ ਆਖ਼ਰੀ ਵਾਰ ਸ਼ਾਇਰ ਕਹਿਲਾਉਣਾ ਚਾਹੁੰਦਾ ਹਾਂ।
ਇੱਕ ਆਖ਼ਰੀ ਵਾਰ ਕਲਮ ਚਲਾਉਣਾ ਚਾਹੁੰਦਾ ਹਾਂ।
ਇਕ ਆਖਰੀ ਵਾਰ...
***

ਮਸਜਿਦ 'ਚ ਰਹਿਰਾਸ

ਇੱਥੇ ਹਰ ਕੋਈ ਆਪਣੇ ਘਰ ਬਹਿ ਕੇ।
ਕੁੱਝ ਆਮ ਪੜ੍ਹੇ ਕੁੱਝ ਖਾਸ ਪੜ੍ਹੇ।
ਮੈਂ ਮੰਦਿਰ ਵਿੱਚ ਨਮਾਜ਼ ਪੜ੍ਹੀ।
ਤੇ ਮਸਜਿਦ 'ਚ ਰਹਿਰਾਸ ਪੜ੍ਹੇ।

ਇੱਕ ਛੱਤ ਥੱਲੇ ਪੜ੍ਹ ਲਈ ਗੀਤਾ ।
ਕੁਰਾਨ ਪੜ੍ਹੀ ਗੁਰਦਾਸ ਪੜ੍ਹੇ।
ਮੈਂ ਮੰਦਿਰ ਵਿੱਚ ਨਮਾਜ਼ ਪੜੀ।
ਤੇ ਮਸਜਿਦ 'ਚ ਰਹਿਰਾਸ ਪੜ੍ਹੇ।

ਹਰ ਧਰਮ 'ਚੋਂ ਏਕਾ ਪੜ੍ਹਿਆ।
ਇਨਸਾਨੀਅਤ ਦੇ ਅਹਿਸਾਸ ਪੜ੍ਹੇ।
ਮੈਂ ਮੰਦਿਰ ਵਿੱਚ ਨਮਾਜ਼ ਪੜ੍ਹੀ।
ਤੇ ਮਸਜਿਦ 'ਚ ਰਹਿਰਾਸ ਪੜ੍ਹੇ।

ਸਿੱਖ ਧਰਮ 'ਚੋਂ ਸਿੱਖਿਆ ਲੈ ਕੇ।
ਖ਼ੁਦਾ ਦੇ ਮੈਂ ਆਭਾਸ ਪੜ੍ਹੇ।
ਮੈਂ ਮੰਦਿਰ ਵਿੱਚ ਨਮਾਜ਼ ਪੜੀ।
ਤੇ ਮਸਜਿਦ 'ਚ ਰਹਿਰਾਸ ਪੜ੍ਹੇ।
***

ਦਰਦ ਕਮਾਉਣਾ ਬਾਕੀ ਐ

ਅਸੀਂ ਇਸ਼ਕ ਕਮਾਈ ਬੈਠੇ ਸਾਂ।
ਹੁਣ ਦਰਦ ਕਮਾਉਣਾ ਬਾਕੀ ਐ।
ਇਤਿਹਾਸ ਤਾਂ ਪੜ੍ਹੀ ਫਿਰਦੇ ਹਾਂ।
ਇਤਿਹਾਸ ਰਚਾਉਣਾ ਬਾਕੀ ਐ।

ਸਰਕਾਰਾਂ ਤੋਂ ਵੀ ਡਰ-ਡਰ ਕੇ।
ਕੁੱਝ ਲਿੱਖਿਆ ਉਹ ਵੀ ਮਰ-ਮਰ ਕੇ।
ਹੁਣ ਡਰ ਮੁਕਾਉਣਾ ਬਾਕੀ ਐ।
ਸਰਕਾਰ ਹਿਲਾਉਣਾ ਬਾਕੀ ਐ।

ਇਹ ਪੈਨਸਿਲ ਜੋ ਹੁਣ ਹੱਥ ਵਿੱਚ ਐ।
ਇਹ ਕਲਮ ਬਣਨ ਨੂੰ ਕਾਹਲ਼ੀ ਐ।
ਇਹ ਸੱਚ ਲਿਖਣ ਦੇ ਹੱਕ ਵਿੱਚ ਐ।
ਇਹ ਬੜੇ ਹੀ ਭਾਗਾਂ ਵਾਲ਼ੀ ਐ।

ਇਹ ਪੰਜ ਰੁਪਈਏ ਕੀਮਤ ਦੀ।
ਇਤਿਹਾਸ ਰਚਣ ਨੂੰ ਫ਼ਿਰਦੀ ਐ।
ਇਹ ਠੰਢੀ ਸੀਤਲ ਸ਼ਾਂਤ ਜਿਹੀ।
ਅੱਗ ਵਾਂਗ ਮਚਣ ਨੂੰ ਫ਼ਿਰਦੀ ਐ।

ਪਹਿਲਾਂ ਵਰਕੇ ਕਾਲ਼ੇ ਕੀਤੇ ਸੀ।
ਹੁਣ ਕਲਮ ਚਲਾਉਣਾ ਬਾਕੀ ਐ।
ਪਾਸ਼ ਨੂੰ ਪੜ੍ਹੀ ਤਾਂ ਬੈਠੇ ਹਾਂ
ਹੁਣ ਪਾਸ਼ ਕਹਾਉਣਾ ਬਾਕੀ ਐ।
***

www.PunjabiLibrary.com

ਸ਼ਾਇਰ

ਮੈਂ ਨਾ ਸ਼ਾਇਰ
ਮੈਂ ਤਾਂ ਹਾਂ ਕਾਇਰ
ਕਿ ਗਲ਼ ਪਿਆ ਟਾਇਰ। ਮੈਨੂੰ ਨਾ ਦਿਖਿਆ।
ਤਾਂ ਹੀ ਨਾ ਮੈਂ ਲਿਖਿਆ
ਕੋਈ ਦੁਖੜਾ ਰੋਗ। ਘਰ ਪਿਆ ਸੋਗ।
ਵਿਲਕਦੇ ਲੋਕ। ਮੈਨੂੰ ਨਾ ਦਿਸਦੇ।
ਮੈਨੂੰ ਤਾਂ ਦਿਸਦੇ।
ਗੁਲਾਬੀ ਬੁੱਲ। ਸੁਗੰਧਿਤ ਫੁੱਲ।
ਤਾਰੀਫਾਂ ਦੇ ਪੁਲ਼। ਆਹੀ ਸਭ ਦਿਸਦੇ।
ਮੈਨੂੰ ਨਹੀਂ ਦਿਖਦੇ। ਮੁਲਕ ਦੀ ਹਾਰ।
ਨੌਜਵਾਨ ਕੋਈ ਬੇਰੁਜ਼ਗਾਰ।
ਮੰਤਰੀ ਬਾਬੇ ਦੀ ਮਹਿੰਗੀ ਕਾਰ।
ਮੈਨੂੰ ਨਾ ਦਿਖਦੇ।
ਮੈਨੂੰ ਤਾਂ ਦਿਖਦੈ।
ਮੁਹੱਬਤ ਪਿਆਰ। ਇਸ਼ਕ 'ਚ ਹਾਰ।
ਯਾਰ ਦੀ ਸਾਰ। ਆਹੀ ਸਭ ਦਿਖਦੈ।
ਸ਼ਾਇਰ ਤਾਂ ਓ। ਨਾ ਹਾਰੇ ਜੋ।
ਲਿਖੇ ਲਫਜ਼ ਦੋ। ਪੜ੍ਹਨ੍ਹਗੇ ਸੋ।
ਪਰ ਕਾਗਜ਼ ਉੱਤੇ। ਮੈਂ ਜੋ ਵੀ ਵਾਹਿਆ।
ਆਪੇ ਹੀ ਪੜ੍ਹਿਆ। ਆਪੇ ਹੀ ਗਾਇਆ।
ਫੋਕਾ ਕਰਾਂ ਮੈਂ। ਕਾਹਦਾ ਮਾਣ।
ਜੇ ਫਾਹੇ ਟੰਗਿਆ। ਨਾ ਦਿਸੇ ਕਿਸਾਨ।
ਨਸ਼ੇ 'ਚ ਡੁੱਬਿਆ। ਜੇ ਮੇਰਾ ਹਾਣ।
ਓਹੀ ਨਾ ਲਿਖਿਆ। ਕਲਮ ਪਏ ਖਾਣ।
ਬੁੱਢੜੇ ਪਿਉ ਦੇ। ਕੀਤੇ ਕਰਮ।
ਰੋਲ਼ਦਾ ਫ਼ਿਰਦਾਂ। ਨਾ ਆਵੇ ਸ਼ਰਮ।
ਮੋਢਿਆਂ ਉਤੇ। ਕਈ ਨੇ ਕਰਜ਼।
ਲਿਖੂੰ ਸਭ ਸਾਫ਼। ਨਿਭਾਉਣੇ ਫਰਜ਼।
ਅੰਬਰ 'ਚੋਂ ਨਿੱਕਲੂ। ਕਲਮ ਦੀ ਗਰਜ਼।
ਲਿਖਾਰੀ ਬਣਨਾ। ਕਹਾਉਣਾ ਅਰਜ਼।
ਕਵਿਤਾ ਕਰਨੀ। ਦਿਲਾਂ 'ਚ ਦਰਜ਼।
ਲਿਖਾਰੀ ਬਣਨਾ। ਕਹਾਉਣਾ ਅਰਜ਼।

www.PunjabiLibrary.com

ਦੋਗਲਾਪਨ

ਮੇਰੇ ਸੂਲਾਂ ਬਣ ਕੇ ਖੁੱਭਦੀਆਂ ਰਹਿੰਦੀਆਂ।
ਸੜਕਾਂ 'ਤੇ ਘੁੰਮਦੀਆਂ ਗੁਬਾਰੇ ਵੇਚਦੀਆਂ ਕੰਨਿਆਂ ਦੇਵੀਆਂ।
ਦੇਵੀ ਵੀ ਕਦੇ ਦਰ ਦਰ ਤੋਂ ਠੋਕਰ ਖਾਂਦੀ ਦੇਖੀ ਤੁਸੀਂ।
ਮੈਂ ਦੇਖੀ ਐ।।

ਧੀ ਤਾਂ ਦੇਵੀ ਹੁੰਦੀ ਐ।
ਪਰ ਆਪਣੀ ਧੀ।
ਹੋਰਾਂ ਦੀ ਧੀ ਦੇਵੀ ਹੋ ਸਕਦੀ ਐ ਪਰ।
ਐਸ ਦੇਵੀ ਦਾ ਬਲਾਤਕਾਰ ਵੀ ਹੁੰਦਾ ਐ।
ਇਹ ਦੇਵ ਦਹੇਜ਼ ਲਈ ਸਾੜ ਦਿੱਤੀ ਜਾਂਦੀ ਐ।
ਇਸ ਦੇਵੀ 'ਤੇ ਦੁੱਧ ਦੀ ਬਜਾਏ ਤੇਜ਼ਾਬ ਪਾਇਆ ਜਾਂਦਾ ਐ।
ਬਹੁਤ ਤਕਲੀਫ 'ਚ ਐ ਇਹ ਪੂਜਣਯੋਗ ਦੇਵੀ।
ਪਰ ਸਵੇਰੇ ਕੰਜ਼ਕਾਂ ਪੂਜਣ ਵਾਲ਼ੇ ਸ਼ਾਮ ਨੂੰ ਦੇਵੀ ਦੇ ਸਰੀਰਾਂ ਦੀ ਬਣਤਰ
ਵਿੱਚ ਰੁੱਝ ਜਾਂਦੇ ਹਨ

ਪੁੱਤਰ ਮਿੱਠੜੇ ਮੇਵੇ ਹੁੰਦੇ ਹਨ।
ਪਰ ਆਪਣੇ ਪੁੱਤਰ।
ਦੂਜਿਆਂ ਦੇ ਨਿੱਕੇ-ਨਿੱਕੇ ਪੁੱਤਰ ਢਾਬਿਆਂ ਦੁਕਾਨਾਂ ਫੈਕਟਰੀਆਂ 'ਚ
ਕੰਮ ਕਰਦੇ ਹਨ।
ਉਹ ਤਾਂ ਨੌਕਰ ਹੁੰਦੇ ਹਨ।
ਉਹਨਾਂ ਨੂੰ ਗਾਲ੍ਹਾਂ ਕੱਢਣਾ ਗ਼ਲਤ ਨਹੀਂ।

ਮਾਵਾਂ ਠੰਢੀਆਂ ਛਾਵਾਂ ਹੁੰਦੀਆਂ ਹਨ।
ਪਰ ਆਪਣੀਆਂ ਮਾਵਾਂ।
ਦੂਜਿਆਂ ਦੀਆਂ ਮਾਵਾਂ ਤਾਂ ਗਾਲ੍ਹਾਂ ਕੱਢਣ ਯੋਗ ਹਨ।
ਮਜ਼ਾਕ 'ਚ ਗੁੱਸੇ 'ਚ ਕਿਸੇ ਦੀ ਗ਼ਲਤੀ 'ਤੇ ਗਾਲ੍ਹ ਦਾ ਪਾਤਰ
ਮਾਵਾਂ ਹੀ ਹਨ।

www.PunjabiLibrary.com

ਮੇਰੀ ਖ਼ਮੋਸ਼ੀ

ਮੈਨੂੰ ਕਈ ਵਾਰੀ ਮੈਂ ਖ਼ੁਦ ਸਮਝ ਨਹੀਂ ਆਉਂਦਾ।
ਮੈਂ ਕੀ ਸੀ ਤੇ ਕੀ ਬਣ ਗਿਆ।
ਕੁੱਝ ਹਾਦਸੇ ਕਿਵੇਂ ਬਦਲਦੇ ਨੇ ਜ਼ਿੰਦਗੀ ਨੂੰ।
ਤੇ ਜ਼ਿੰਦਗੀ ਜੋ ਖ਼ੁਦ ਹਾਦਸਾ ਹੈ।
ਖ਼ੁਦ ਨੂੰ ਹਰ ਪਲ ਬਦਲਦੀ ਹੈ।

ਕਈ ਵਾਰੀ ਮੇਰੀਆਂ ਗੱਲਾਂ ਸਮਝੋਂ ਬਾਹਰ ਹੁੰਦੀਆਂ।
ਮੇਰੀ ਖ਼ੁਦ ਦੀ ਵੀ।
ਮੈਂ ਕਿਸੇ ਨਾਲ਼ ਗੱਲ ਕਰ ਰਿਹਾ ਹੁੰਦਾ।
ਹੱਸ ਰਿਹਾ ਹੁੰਦਾ। ਜਾਂ ਕਿਸੇ ਗੱਲ 'ਤੇ ਉਦਾਸ
ਪਰ ਅੰਦਰੋਂ ਮੈਂ ਖਾਮੋਸ਼ ਹੁੰਦਾ।

ਸੋਚੋ ਕਿਵੇਂ ਦਾ ਹੋ ਸਕਦੈ ਕੋਈ।
ਜਿਸਨੂੰ ਅੰਦਰੋਂ ਕੋਈ ਆਵਾਜ਼ ਨਾ ਆਵੇ।
ਮੈਂ ਕਦੇ ਪੂਰੀ ਤਰ੍ਹਾਂ ਉਦਾਸ ਨਹੀਂ ਹੁੰਦਾ।
ਤੇ ਕਦੇ ਖ਼ੁਸ਼ ਵੀ ਨਹੀਂ ਹੁੰਦਾ।

ਵਿਚਾਲ਼ੇ ਜਿਹੇ ਅਟਕਿਆ ਹੋਇਆ।
ਇਹਨਾਂ ਭਾਵਨਾਵਾਂ ਦੇ ਸਮੁੰਦਰ 'ਚ।
ਕਈ ਵਾਰੀ ਸੋਚਦਾਂ ਕਿ
ਡੂੰਘੀ ਤਾਰੀ ਲਾਵਾਂ ਇਸ ਸਮੁੰਦਰ ਦੀ।
ਜਾਂ ਉੱਪਰ ਵੱਲ ਨੂੰ ਜਾਵਾਂ।
ਇੱਕ ਪਾਸੜ ਤਾਂ ਲੱਗੇ ਇਹ ਸਫ਼ਰ।
ਪਰ ਅਸਫ਼ਲ ਹਾਂ।

ਜਦ ਮੈਂ ਇਕੱਲਾ ਹੁੰਦਾ ਤਾਂ
ਸਭ ਸ਼ਾਂਤ ਹੁੰਦਾ ਐ।
ਕੋਈ ਵੀ ਆਵਾਜ਼ ਅੰਦਰੋਂ ਬਾਹਰੋਂ
ਕਦੇ ਮਹਿਸੂਸ ਨਹੀਂ ਹੁੰਦੀ।

www.PunjabiLibrary.com

ਬਸ ਇੱਕ ਚੀਕ ਹੁੰਦੀ ਐ।
ਖ਼ਮੋਸ਼ੀ ਦੀ ਚੀਕ।
ਫ਼ਿਰ ਕਈ ਵਾਰੀ ਲੱਗਦਾ ਐ ਕਿ
ਮੈਂ ਦੋਵਾਂ ਪਾਸਿਆਂ 'ਚ ਫ਼ਸਿਆ ਈ ਠੀਕ ਆਂ।

ਆਹ ਖਾਮੋਸ਼ੀ ਝੰਜੋੜਦੀ ਨਹੀਂ।
ਮੈਨੂੰ ਖ਼ੁਦ ਮੈਂ ਦਿਨ ਬਰ ਦਿਨ ਸਿਆਣਾ ਹੁੰਦਾ ਜਾਪਦਾਂ।
ਮੈਂ ਤੰਗ ਨਹੀਂ ਆਂ ਇਸ ਖਾਮੋਸ਼ੀ ਤੋਂ।
ਫਿਰ ਕਈ ਸੱਜਣ ਆਉਂਦੇ ਨੇ।
ਰੰਗ-ਬਿਰੰਗੇ ਹੁੰਦੇ ਨੇ ਉਹ।
ਰੰਗਾਂ ਵਾਲੀਆਂ ਗੱਲਾਂ ਬਾਤਾਂ ਪਾਉਂਦੇ ਨੇ।
ਮੈਂ ਮੁਸਕਰਾਉਂਦਾ ਹਾਂ।
ਤੇ ਫ਼ਿਰ ਚੁੱਪ ਕਰ ਜਾਂਦਾ ਹਾਂ।

ਸੱਜਣ ਜੀ ਚਲੇ ਜਾਂਦੇ ਹਨ।
ਪਿੱਛੋਂ ਫ਼ਿਰ ਵਿਰਾਨੀਅਤ ਛਾ ਜਾਂਦੀ ਹੈ।
ਇਹ ਮੇਰੀ ਆਮ ਅਵਸਥਾ ਹੈ।
ਹੁਣ ਮੈਂ ਬੇਰੰਗ ਹਾਂ।
ਤੇ ਮੇਰੇ ਨਾਲ ਹੈ।
ਮੇਰੀ ਖਮੋਸ਼ੀ।
***

www.PunjabiLibrary.com

ਤੋਹਫ਼ਾ

ਮੈਨੂੰ ਇੱਕ ਤੋਹਫਾ ਜੀ ਜਨਾਬ ਦੇ ਦਿਓ।
ਬੁੱਲ੍ਹੇ ਸ਼ਾਹ ਦੇ ਸ਼ੇਅਰਾਂ ਦੀ ਕਿਤਾਬ ਦੇ ਦਿਓ।
ਦਿਨ ਰਾਤ ਚਾਹਾਂ ਉਹਨੂੰ ਜੀਵਣਾ ਜੀ ਮੈਂ।
ਐਦਾਂ ਦਾ ਕੋਈ ਜਾਗਦਾ ਖ਼ੁਆਬ ਦੇ ਦਿਓ।

ਮੈਂ ਨ੍ਹੀਂ ਕਹਿੰਦਾ ਮਹਿੰਗੀ ਕੋਈ ਸ਼ਰਾਬ ਦੇ ਦਿਓ।
ਜੀ ਜੇਹਲਮ ਰਾਵੀ ਤੇ ਚਨਾਬ ਦੇ ਦਿਓ।
ਦੋ ਵਾਲ਼ਾ ਲੋਚਾਂ ਨਾਂ ਹੀ ਤਿੰਨ ਵਾਲ਼ਾ ਸੋਚਾਂ।
ਮੈਨੂੰ ਤੁਸੀਂ ਪੰਜਾਂ ਦਾ ਪੰਜਾਬ ਦੇ ਦਿਓ

ਜੀਹਦੇ 'ਚ ਸਰੂਰ ਉਹ ਸ਼ਬਾਬ ਦੇ ਦਿਓ।
ਐਦਾਂ ਦਾ ਕੋਈ ਨਸ਼ਾ ਬੇ-ਹਿਸਾਬ ਦੇ ਦਿਓ।
ਸ਼ਾਇਰਾਂ ਦੀ ਮਹਿਫਲ 'ਚ ਜੁੜ ਬੈਠਾਂ ਜਦ ਮੈਂ।
ਇੱਕ ਅੱਧਾ ਸਾਨੂੰ ਵੀ ਅਦਾਬ ਦੇ ਦਿਓ।

ਗਾਇਕੀ ਦੇ ਭੇਦ ਤੋਂ ਜਵਾਬ ਦੇ ਦਿਓ।
ਸੁਰ ਅਤੇ ਤਾਲ ਵੀ ਖਰਾਬ ਦੇ ਦਿਓ।
ਸੱਚੇ ਉਸ ਇੱਕ ਦੀ ਮੈਂ ਸਿਫ਼ਤਾਂ ਨੂੰ ਗਾਵਣਾ।
ਸੱਚੇ ਲਈ ਤਾਂ ਸੁੱਚੀ ਹੀ ਰਬਾਬ ਦੇ ਦਿਓ।
***

www.PunjabiLibrary.com

ਤੇਰੀ ਖ਼ਾਤਰ

ਨਾ ਫੱਕਰ ਰਿਹਾ।
ਨਾ ਫ਼ਕੀਰ ਬਣਿਆ।
ਨਾ ਸਹਿਮਿਆ ਕਦੇ।
ਨਾ ਚਾਤਰ ਹੋਇਆ।

ਨਾ ਕਵੀ ਹੋਇਆ
ਨਾ ਲੇਖਕ ਕੋਈ।
ਕਲਾਕਾਰ ਵੀ।
ਨਾ-ਮਾਤਰ ਹੋਇਆ।

ਅਧੂਰੀ ਤਰਜ਼ ਹੋਇਆ।
ਇੱਕ ਫ਼ਰਜ਼ ਹੋਇਆ।
ਨਾਲ਼ੇ ਅਰਜ਼ ਹੋਇਆ।
ਤੇਰੀ ਖ਼ਾਤਰ ਹੋਇਆ।

ਨਾ ਸ਼ਿਵ ਹੋਇਆ।
ਨਾ ਪਾਸ਼ ਕੋਈ।
ਨਾ ਸੁਰਜੀਤ ਰਿਹਾ।
ਨਾ ਪਾਤਰ ਹੋਇਆ।

ਪਰ ਜੋ ਵੀ ਹੋਇਆ।
ਤੇਰੀ ਖ਼ਾਤਰ ਹੋਇਆ।

www.PunjabiLibrary.com

ਪੇਕੇ ਸਹੁਰੇ

ਹੰਝੂਆਂ ਦੇ ਪਾਣੀ ਨਾਲ਼ ਉਹ ਸਿੰਜਦੀ ਰਹੀ।
ਸੁਰਮੇ ਦੀ ਮੁੱਖੜੇ 'ਤੇ ਵੇਲ ਬਣ ਗਈ
ਉਹਦੀ ਮਹਿੰਦੀ ਨੇ ਤਾਂ ਖ਼ੁਸ਼ੀਆਂ ਦੇ ਬੋਲ-ਬੋਲੇ ਸੀ।
ਪਰ ਉਹਦੇ ਸੁਰਮੇ ਨੇ ਗੁੱਝੇ ਸਭ ਭੇਦ ਖੋਲ੍ਹੇ ਸੀ।

ਉਹ ਤੁਰਦੀ ਫਿਰਦੀ ਸੀ। ਪਰ ਅੰਦਰੋਂ ਮੋਈ ਸੀ।
ਉਹਦੀ ਕੋਈ ਖਾਸ ਸ਼ੈਅ ਅੱਜ ਓਹਤੋਂ ਖੋਈ ਸੀ।
ਲੈ ਕੇ ਚਾਰ ਲਾਵਾਂ ਉਹ ਸਹੁਰੇ ਘਰ ਚੱਲੀ ਸੀ।
ਕਿੰਨੇ ਜਣੇ ਸੀ ਨਾਲ਼ ਫ਼ਿਰ ਵੀ ਉਹ 'ਕੱਲ਼ੀ ਸੀ।

ਕਿੰਨੇ ਸਾਲ ਉਹਨੇ ਪੇਕੇ ਘਰ ਗੁਜ਼ਾਰੇ ਸੀ।
ਇੱਥੇ ਬੜੀ ਖੁੱਲ੍ਹ ਸੀ। ਬੜੇ ਨਜ਼ਾਰੇ ਸੀ।
ਇੱਥੇ ਉਹ ਲਾਡਲੀ ਸੀ। ਧੀ ਧਿਆਣੀ ਸੀ।
ਉੱਥੇ ਉਹ ਪਤਨੀ ਤੇ ਨੂੰਹ ਰਾਣੀ ਸੀ

ਇੱਥੇ ਖਾਣ-ਪੀਣ ਪਾਉਣ ਦੀ ਵੀ ਖੁੱਲ੍ਹ ਸੀ।
ਉੱਥੇ ਨਿੱਕੀ ਗ਼ਲਤੀ ਵੀ ਵੱਡੀ ਭੁੱਲ ਸੀ।
ਸਮਾਜ ਦਾ ਰਿਵਾਜ ਉਹ ਪੁਗਾ ਰਹੀ ਸੀ।
ਨਾ ਚਾਹੁੰਦੇ ਵੀ ਸਹੁਰੇ ਘਰੇ ਜਾ ਰਹੀ ਸੀ।

ਜਾਂਦੀ-ਜਾਂਦੀ ਪੇਕਾ ਘਰ ਕਰ ਕੱਖ ਗਈ।
ਰੂਹ ਦੇ ਦੋ ਟੋਟੇ ਕਰ। ਇੱਕ ਇੱਥੇ ਰੱਖ ਗਈ।
ਅਰਜ਼ ਦੀ ਅਰਜ਼ ਸੁਣੋਂ। ਧੀਓ ਧਿਆਣੀਓਂ।
ਰੋਇਆ ਨਾ ਕਰੋ ਨ੍ਹੀ ਤੁਸੀਂ ਡੁੱਬ ਜਾਣੀਓਂ।
***

www.PunjabiLibrary.com

ਆਸਿ਼ਫ਼ਾ ਲਈ

ਮੈਂ ਤਾਂ ਪਹਿਲਾਂ ਈ ਕਿਹਾ ਸੀ।
ਅਸੀਂ ਸਭ ਮਰੇ ਹੋਏ ਹਾਂ।
ਕੋਈ ਵੀ ਜਿੰਦਾ ਨਹੀਂ ਹੈ।
ਤੁਸੀਂ ਕੀ ਪੜ੍ਹ ਰਹੇ ਹੋ ?
ਇੱਕ ਮਰਿਆ ਬੰਦਾ ਲਿਖ ਰਿਹਾ ਹੈ।
ਤੇ ਇੱਕ ਮਰਿਆ ਉਸਨੂੰ ਪੜ੍ਹ ਰਿਹਾ ਹੈ।

ਮੈਂ ਖ਼ੁਦ ਨੂੰ ਕਿਵੇਂ ਜ਼ਿੰਦਾ ਕਹਿ ਸਕਦਾ।
ਮੈਨੂੰ ਪਤੈ ਕਿ ਇਨਸਾਨੀਅਤ ਮਰ ਚੁੱਕੀ ਹੈ।
'ਆਸਿ਼ਫ਼ਾ' ਪੁੱਤ ਅਸੀਂ ਕੀ ਕਰ ਸਕਦੇ ਹਾਂ।
ਅਸੀਂ ਸਿਰਫ਼ ਦੇਸ਼ ਬੰਦ ਕਰ ਸਕਦੇ ਹਾਂ।
ਜੋ ਕੱਲ੍ਹ ਨੂੰ ਫ਼ਿਰ ਖੁੱਲ੍ਹ ਜਾਣਾ ਐ।
ਜਾਂ ਪਰਸੋਂ ਸ਼ਾਇਦ।

ਇਸ ਤੋਂ ਵੱਧ ਅਸੀਂ ਕੀ ਕਰ ਸਕਦੇ ਹਾਂ।
ਜਾਂ ਵੈਸਾਖੀ 'ਤੇ ਸਿਆਸੀ ਮੇਲੇ ਦੇਖ ਸਕਦੇ ਹਾਂ।
ਜਾਂ ਕ੍ਰਿਕੇਟ ਤੋਂ ਧਿਆਨ ਕਿਵੇਂ ਹਟਾਈਏ।
ਤੇਰੇ ਤੋਂ ਪਹਿਲਾਂ ਵੀ ਕਈਆਂ ਨਾਲ ਐਦਾਂ ਹੋਇਐ।
ਅਸੀਂ ਰੋਸ ਕੀਤਾ ਅਗਲੇ ਦਿਨ ਭੁੱਲ ਗਏ।

ਪਰ ਭੁੱਲੇ ਨਹੀਂ ਓਹ ਜਿਹਨਾਂ ਨਾਲ਼ ਬੀਤੀ ਐ।
ਅਸੀਂ ਵੀ ਓਦੋਂ ਨਹੀਂ ਭੁੱਲਾਂਗੇ ਜਦ ਤੀਕਰ,
ਆਹ ਸਾਡੇ ਨਾਲ਼ ਨਹੀਂ ਵਾਪਰਦਾ।
ਹਾਲੇ ਤਾਂ ਸਾਨੂੰ ਹੋਰ ਬਹੁਤ ਕੰਮ ਨੇ।

ਸਵੇਰੇ ਐਤਵਾਰ ਐ ਛੁੱਟੀ ਦਾ ਦਿਨ ਐ।
ਅਰਾਮ ਨਾਲ਼ ਘਰੇ ਸਮਾਂ ਬਿਤਾਵਾਂਗੇ।
ਅਸੀਂ ਸ਼ਾਂਤੀ ਵਿੱਚ ਯਕੀਨ ਰੱਖਣ ਵਾਲੇ ਲੋਕ ਆਂ

www.PunjabiLibrary.com

ਅਸੀਂ ਤਾਂ ਚਾਹੁੰਦੇ ਆਂ ਕਿ ਇਨਕਲਾਬ ਆਵੇ।
ਪਰ ਇਹ ਹਾਕਮ ਚੀਕਾਂ ਸੁਣਦਾ ਐ।
ਅਸੀਂ ਨਹੀਂ ਮਾਰਨੀਆਂ।
ਸ਼ੋਰ ਨਹੀਂ ਪਸੰਦ ਸਾਡੇ ਸ਼ਹਿਰ ਵਾਲਿਆਂ ਨੂੰ।

ਚੀਕਾਂ ਮਾਰਨ ਨੂੰ ਤੇਰੇ ਘਰ ਦੇ ਹੈਗੇ ਆ।
ਆਪੇ ਦੋ ਦਿਨਾਂ ਨੂੰ ਚੁੱਪ ਕਰ ਜਾਣਗੇ।
ਨਾਲੇ ਕੁਝ ਮਰੇ ਹੋਏ ਲੱਗੇ ਆ ਤੇਰੇ ਦੋਸ਼ੀਆਂ ਨੂੰ ਬਚਾਉਣ।
ਉਹਨਾਂ ਨੇ ਬਚਾ ਲੈਣਾ ਆਂ।
ਤੇ ਉਹ ਇੱਕ ਪੱਥਰ ਜੋ ਇਹ ਸਭ ਦੇਖਦਾ ਰਿਹਾ।
ਉਹਨੂੰ ਆਪੇ ਰੱਬ ਪਾਪ ਲਾਊ।
ਤੂੰ ਫਿਕਰ ਨਾ ਕਰ।

ਕੀ ਕਿਹੈ ਉਹ ਪੱਥਰ ਰੱਬ ਹੀ ਸੀ ?
ਹੁਣ ਤਾਂ ਇਸ 'ਤੇ ਵੀ ਯਕੀਨ ਹੋ ਗਿਐ
ਕਿ ਰੱਬ ਨੂੰ ਮਰੇ ਵੀ ਕਾਫ਼ੀ ਸਮਾਂ ਹੋ ਗਿਆ ਐ।
ਇਹ ਹਾਕਮ ਹੀ ਅੱਜ ਦੇ ਰੱਬ ਹਨ।

ਸਾਨੂੰ ਸਭ ਨੂੰ ਦੁੱਖ ਐ ਤੇਰਾ।
ਪਰ ਕੀ ਕਰੀਏ ਕ੍ਰਿਕੇਟ, ਸਿਆਸੀ ਮੇਲਾ,
ਨਵਜੋਤ ਸਿੱਧੂ ਤੇ ਹੁਣ ਆਹ ਪਰਮੀਸ਼ ਨੂੰ ਗੋਲ਼ੀ ਇਹਨੇ ਸਾਨੂੰ ਬੰਨ੍ਹ ਲਿਆ ਐ।
ਅਸੀਂ ਕੁਝ ਨਹੀਂ ਕਰ ਸਕਦੇ।
ਪਰ ਹਾਂ ਇੱਕ ਵਾਅਦਾ ਐ ਤੈਨੂੰ ਬੇਟਾ।
ਜਦ ਵੀ ਆਹ ਸਭ ਸਾਡੇ ਕਿਸੇ ਨਾਲ਼ ਹੋਇਆ।
ਅਸੀਂ ਚੀਕਾਂ ਵੀ ਮਾਰਾਂਗੇ।
ਤੇ ਉਹਨੂੰ ਭੁੱਲਾਂਗੇ ਵੀ ਨਹੀਂ।

***

www.PunjabiLibrary.com

(ਕੰਡਿਆ ਵਾਲ਼ੇ) ਕੈਕਟਸ

ਮੇਰੇ ਨੇੜੇ ਨਾ ਆਉਣਾ।
ਮੈਂ ਕੋਈ ਹਰਿਆ-ਭਰਿਆ ਬਾਗ ਨਹੀਂ।
ਮੈਂ ਬੰਜ਼ਰ ਧਰਾਤਲ 'ਤੇ ਗਰਮ ਰੇਗਿਸਤਾਨ ਹਾਂ।
ਮੇਰੀ ਹਿੱਕ 'ਚ ਕੋਮਲ ਫ਼ੁੱਲ ਨਹੀਂ ਉੱਗਦੇ।
ਐਥੇ ਕੰਡਿਆਂ ਵਾਲ਼ੇ ਕੈਕਟਸ ਉੱਗਦੇ ਨੇ।

ਮੈਂ ਮੋਹ ਭਰੀਆਂ ਗੱਲਾਂ ਨਹੀਂ ਕਰਦਾ।
ਮੈਂ ਸਦਾ ਮੋਹ ਤੋੜਵੀਆਂ ਗੱਲਾਂ ਕਰਦਾਂ।
ਮੇਰੇ ਨਾਲ਼ ਰਿਸ਼ਤਾ ਨਾ ਬਣਾਓ।
ਮੈਂ ਰਿਸ਼ਤਿਆਂ ਦੀ ਕਦਰ ਕਰਦਾਂ ਪਰ ਰਿਸ਼ਤੇ ਅਕਸਰ ਟੁੱਟਣ 'ਤੇ ਲੱਕ ਤੋੜ ਜਾਂਦੇ ਨੇ।

ਮੈਨੂੰ ਅਕਸਰ ਸਖ਼ਤ ਹੋਣ ਦਾ ਦਿਖਾਵਾ ਕਰਨਾ ਪੈਂਦਾ ਐ।
ਤੇ ਮੈਂ ਝੂੱਠਾ ਹੱਸਦਾ ਹਾਂ ਜਿਵੇਂ ਮੈਨੂੰ ਕੋਈ ਫ਼ਰਕ ਨਹੀਂ।
ਕਿਸੇ ਦੇ ਹੋਵਣ ਜਾਂ ਨਾ ਹੋਵਣ ਦਾ।
ਫ਼ਰਕ ਤਾਂ ਹਰੇਕ ਨੂੰ ਪੈਂਦਾ ਐ।
ਭਾਵਨਾਵਾਂ ਹਰੇਕ ਦੇ ਅੰਦਰ ਹੁੰਦੀਆਂ ਹਨ।

ਕਿਸੇ ਨਾਲ ਮੋਹ 'ਚ ਬੰਨ੍ਹੇ ਜਾਣਾ ਕਈ ਵਾਰ
ਕਾਫ਼ੀ ਦਰਦਮਈ ਸਾਬਿਤ ਹੁੰਦਾ ਐ।
ਓਦੋਂ ਜਦੋਂ ਉਹ ਮੋਹ ਦੀਆਂ ਤੰਦਾਂ ਤੋੜ ਕੇ ਖ਼ੁਦ ਨੂੰ ਅਜ਼ਾਦ ਕਰ ਲਵੇ।
ਤੇ ਅਸੀਂ ਜੋ ਪਿੰਜ਼ਰੇ 'ਚ ਬੰਦ ਪੰਛੀ ਸਾਂ।
ਅਜ਼ਾਦ ਹੋਣ 'ਤੇ ਘਰ ਢਹੇ ਜਾਣ ਵਾਂਗ ਬੇਘਰ ਹੋਏ ਪ੍ਰਤੀਤ ਕਰਦੇ ਹਾਂ।

www.PunjabiLibrary.com

ਦਿਲ ਨੂੰ ਲਾਵਣ ਰੋਗ ਅਵੱਲੇ

ਦਿਲ ਨੂੰ ਲਾਵਣ ਰੋਗ ਅਵੱਲੇ
ਆਸ਼ਿਕ ਸ਼ਾਇਰ ਦੋਵੇਂ ਝੱਲੇ।
ਦੋਵੇਂ ਹੀ ਨੇ ਮੇਰੇ ਅੰਦਰ।
ਲੋਕ ਕਹਿਣ ਅਸੀਂ ਕੱਲਮ 'ਕੱਲੇ।

ਚੁੱਪ ਚੁਪੀਤੀ ਇਸ਼ਕਾਂ ਨੀਤੀ।
ਸਾਡੀ ਵਾਰੀ ਪੈ ਗਏ ਹੱਲੇ।
ਕਵਿਤਾ ਮੇਰੀ ਤਾਂ ਹੈ ਹੱਡ ਬੀਤੀ।
ਉਹ ਕਹਿਣ ਜੀ ਬੱਲੇ-ਬੱਲੇ।

ਇਸ਼ਕੇ ਦੇ ਵਿੱਚ ਬੁੱਧ ਨ੍ਹੀਂ ਬਣਨਾ।
ਅਸੀਂ ਤਾਂ ਫਿਰਨਾਂ ਗਲ਼ੀ ਮੁਹੱਲੇ।
ਖ਼ੈਰ ਹੈ ਮੰਗਣੀ ਓਹਦੇ ਦਰ ਤੋਂ।
ਕੁੱਝ ਤਾਂ ਪਾਵੇ ਸਾਡੇ ਪੱਲੇ।

ਕੀ ਹੈ ਤੇਰੇ ਮੇਰੇ ਹੱਥ ਵਿੱਚ।
ਓਹ ਜਿਵੇਂ ਚਲਾਉਂਦਾ ਤਿਵੇਂ ਈ ਚੱਲੇ।
ਜ਼ਿਮੀਂਦਾਰ ਨਹੀਂ ਕਿਸੇ ਨੇ ਜਾਣਾ।
ਐਵੇਂ ਫਿਰੇਂ ਜ਼ਮੀਨਾਂ ਮੱਲੇ।

ਜਿਹੜੇ ਦਰ 'ਤੇ ਮੁਕਤੀ ਮਿਲਣੀ।
ਮੈਂ ਤਾਂ ਚੱਲਿਆ ਉਹਦੇ ਵੱਲੇ।
ਕਾਦਰ ਦੀ ਕੁਦਰਤ ਵਿੱਚ ਵੱਸਣਾ।
ਰਹੀਮ ਰਹਿਮਤਾਂ ਆਪੇ ਘੱਲੇ।
***

www.PunjabiLibrary.com

ਦਿਲ ਨੂੰ ਲਾਵਣ ਰੋਗ ਅਵੱਲੇ

ਦਿਲ ਨੂੰ ਲਾਵਣ ਰੋਗ ਅਵੱਲੇ
ਆਸ਼ਿਕ ਸ਼ਾਇਰ ਦੋਵੇਂ ਝੱਲੇ।
ਦੋਵੇਂ ਹੀ ਨੇ ਮੇਰੇ ਅੰਦਰ।
ਲੋਕ ਕਹਿਣ ਅਸੀਂ ਕੱਲਮ 'ਕੱਲੇ।

ਚੁੱਪ ਚੁਪੀਤੀ ਇਸ਼ਕਾਂ ਨੀਤੀ।
ਸਾਡੀ ਵਾਰੀ ਪੈ ਗਏ ਹੱਲੇ।
ਕਵਿਤਾ ਮੇਰੀ ਤਾਂ ਹੈ ਹੱਡ ਬੀਤੀ।
ਉਹ ਕਹਿਣ ਜੀ ਬੱਲੇ-ਬੱਲੇ।

ਇਸ਼ਕੇ ਦੇ ਵਿੱਚ ਬੁੱਧ ਨ੍ਹੀਂ ਬਣਨਾ।
ਅਸੀਂ ਤਾਂ ਫਿਰਨਾਂ ਗਲ਼ੀ ਮੁਹੱਲੇ।
ਖ਼ੈਰ ਹੈ ਮੰਗਣੀ ਓਹਦੇ ਦਰ ਤੋਂ।
ਕੁੱਝ ਤਾਂ ਪਾਵੇ ਸਾਡੇ ਪੱਲੇ।

ਕੀ ਹੈ ਤੇਰੇ ਮੇਰੇ ਹੱਥ ਵਿੱਚ।
ਓਹ ਜਿਵੇਂ ਚਲਾਉਂਦਾ ਤਿਵੇਂ ਈ ਚੱਲੇ।
ਜ਼ਿਮੀਂਦਾਰ ਨਹੀਂ ਕਿਸੇ ਨੇ ਜਾਣਾ।
ਐਵੇਂ ਫਿਰੇਂ ਜ਼ਮੀਨਾਂ ਮੱਲੇ।

ਜਿਹੜੇ ਦਰ 'ਤੇ ਮੁਕਤੀ ਮਿਲਣੀ।
ਮੈਂ ਤਾਂ ਚੱਲਿਆ ਉਹਦੇ ਵੱਲੇ।
ਕਾਦਰ ਦੀ ਕੁਦਰਤ ਵਿੱਚ ਵੱਸਣਾ।
ਰਹੀਮ ਰਹਿਮਤਾਂ ਆਪੇ ਘੱਲੇ।
***

www.PunjabiLibrary.com

ਮਾਂ ਮੈਂ ਐਦਾਂ ਨਈਓਂ ਮਰਨਾਂ

ਜੀਊਣਾ ਹੈ ਮੈਂ ਸਦੀਆਂ ਤੀਕਰ।
ਜਿਵੇਂ ਜਿਊਂਦੀ ਢਾਬ 'ਤੇ ਕਿੱਕਰ।
ਮੈਂ ਵੀ ਦੁੱਖ-ਸੁੱਖ ਜਰਨਾ।
ਮਾਂ ਮੈਂ ਐਦਾਂ ਨਈਓਂ ਮਰਨਾਂ।

ਖ਼ੁਸ਼ੀਆਂ ਵੰਡਾਂ ਮੈਂ ਲੱਖ ਹਜ਼ਾਰਾਂ।
ਸੀਨੇ ਦਰਦਾਂ ਕਈ ਸਹਾਰਾਂ।
ਕਿਸੇ ਕੋਲੋਂ ਮੈਂ ਨਈਓਂ ਡਰਨਾਂ।
ਮਾਂ ਮੈਂ ਐਦਾਂ ਨਈਓਂ ਮਰਨਾਂ।

ਅੰਤ ਸਾਹ ਤੱਕ ਤੁਰਦੇ ਰਹਿਣਾਂ।
ਵਿੱਚ ਵਿਚਾਲੇ ਨਹੀਉਂ ਬਹਿਣਾ।
ਵਾਂਗ ਜਿਵੇਂ ਕੋਈ ਝਰਨਾਂ।
ਮਾਂ ਮੈਂ ਐਦਾਂ ਨਈਓਂ ਮਰਨਾਂ।

ਮਾਂ ਮੈਂ ਦੇਖਣਾ ਸਫ਼ਲ ਕਿਸਾਨ।
ਇੱਕੋ ਧਰਮ ਸਭ ਹੀ ਇਨਸਾਨ।
ਫ਼ਿਰ ਮੈਂ ਠੰਢਾ ਹਉਂਕਾ ਭਰਨਾਂ।
ਮਾਂ ਮੈਂ ਐਦਾਂ ਨਈਓਂ ਮਰਨਾਂ।

ਲਿਖਣੀ ਮੈਂ ਅਣਥੱਕ ਜਵਾਨੀ।
ਜਦ ਮੈਂ ਹੋਵਾਂ ਯਾਦ ਜ਼ੁਬਾਨੀ।
ਤੁਸੀਂ ਦੁਆ ਮੇਰੇ ਲਈ ਕਰਨਾਂ।
ਮਾਂ ਮੈਂ ਐਦਾਂ ਨਈਓਂ ਮਰਨਾਂ।

ਜਦ ਪੜ੍ਹੇ ਕੋਈ ਮੇਰੀ ਤਰਜ਼।
ਝੱਟ ਪਛਾਣੇ ਇਹ ਤਾਂ ਅਰਜ਼।
ਇੰਤਜ਼ਾਰ ਮੈਂ ਕਰਨਾ।
ਮਾਂ ਮੈਂ ਐਦਾਂ ਹੀ ਫ਼ਿਰ ਮਰਨਾਂ।

www.PunjabiLibrary.com

ਪੰਜਆਬ

ਕਦੇ-ਕਦੇ ਦਿਲ ਕਰਦਾ ਐ।
ਕਿ ਮੈਂ ਰਾਵੀ ਹੋ ਜਾਵਾਂ।
ਕੁੱਝ ਕੁ ਇਸ ਪਾਸੇ ਮੈਂ ਵੱਸ 'ਜਾਂ।
ਕੁੱਝ ਕੁ ਉਸ ਪਾਸੜ ਖੋ ਜਾਵਾਂ।

ਬਣ ਜਾਵਾਂ ਮੈਂ ਪਾਣੀ।
ਹਰਿਮੰਦਰ ਤੇ ਮੈਂ ਬਰਸਾਂ।
ਤੇ ਆਪਣਾ ਅੱਧਾ ਹਿੱਸਾ ਕਰ।
ਨਨਕਾਣਾ ਵੀ ਧੋ ਆਵਾਂ।

ਹੋ ਜਾਵਾਂ ਮੈਂ ਮਿੱਟੀ।
ਤੇ ਮਿੱਟੀ ਨਾਲ਼ ਮਿਲ਼ ਜਾਵਾਂ।
ਆਨੰਦ ਲਵਾਂ ਗੁਰਬਾਣੀ ਦਾ।
ਅਜਾਨ ਦਾ ਲੁਤਫ਼ ਉਠਾਵਾਂ।

ਰੂਪ ਧਾਰ ਲਵਾਂ ਪੰਛੀ ਦਾ।
ਤੇ ਖ਼ੂਬ ਉਡਾਰੀਆਂ ਲਾਵਾਂ।
ਉਸ ਮੁਲਕ 'ਚ ਵੜ ਕੇ ਮੈਂ।
ਗੀਤ ਪਿਆਰ ਦਾ ਗਾਵਾਂ।

ਸ਼ੁਰੂ ਕਰਾਂ ਮੈਂ ਐਧਰ ਲਿਖਣਾ।
ਉੱਧਰ ਜਾਣ ਮੁਕਾਵਾਂ।
ਦੋਵੇਂ ਹੱਸਦੇ ਵੱਸਦੇ ਵੱਸਣ।
ਦਿਲ ਤੋਂ ਇਹੀ ਦੁਆਵਾਂ
***

www.PunjabiLibrary.com

ਛੇਵਾਂ ਦਰਿਆ

ਗੱਭਰੂਆਂ ਨੇ ਜਦ ਕੜਾ ਲਾਹ ਕੇ।
ਨੱਕ ਵਿੱਚ ਕੋਕਾ ਪਾ ਲਿਆ।
ਸਿਆਸਤ ਤੇ ਸਰਕਾਰਾਂ ਨੇ ਤਦ।
ਮੇਰਾ ਪੰਜਾਬ ਖਾ ਲਿਆ।

ਗੰਦ ਲਿਖਣ ਲਿਖਾਰੀ ਵੱਡੇ।
ਠੇਕੇ ਥਾਣੇ ਸਾਡੇ ਅੱਡੇ।
ਨਸ਼ੇ ਤਾਂ ਆਪਾਂ ਕੋਈ ਨਾ ਛੱਡੇ।
ਆਹ ਕੀ ਵੇਲ਼ਾ ਆ ਗਿਆ।

ਗੱਜ ਛਾਤੀਆਂ ਗਿੱਠਾਂ ਹੋ ਗਈਆਂ।
ਗੁਰੂਆਂ ਦੇ ਵੱਲ ਪਿੱਠਾਂ ਹੋ ਗਈਆਂ।
ਤਿੰਨ ਦਿਨਾਂ 'ਚ ਕਿੰਨੀਆਂ ਮੌਤਾਂ।
ਚਿੱਟਾ ਕਹਿਰ ਕਮਾ ਗਿਆ।

ਧਰਮ ਦੇ ਠੇਕੇਦਾਰ ਵੀ ਮਾੜੇ।
ਬਾਬੇ ਡੇਰੇਦਾਰ ਵੀ ਮਾੜੇ।
ਅਸਲ ਧਰਮ ਤੋਂ ਵਾਂਝਾ ਕਰਦੇ।
ਇਨਸਾਨ ਨੂੰ ਲੜਨੇ ਲਾ ਗਿਆ।

ਮੁੜ ਆਓ ਮੇਰੀ ਮਾਂ ਦੇ ਜਾਇਓ।
ਪੰਜਾਬੀ ਨੂੰ ਤੁਸੀਂ ਦਾਗ਼ ਨਾ ਲਾਇਓ।
ਨਸ਼ੇ ਤਿਆਗੋ ਮੁੱਢ-ਪਛਾਣੋਂ।
ਅਰਜ਼ ਦੁਹਾਈਆਂ ਪਾ ਗਿਆ।
***

www.PunjabiLibrary.com

ਨੀਲੇ ਬਾਣੇ

ਕੱਚੀਆਂ ਉਮਰਾਂ ਹਿੱਕਾਂ ਡਾਈਆਂ।
ਜਦ ਸੀ ਫੌਜ਼ਾਂ ਚੜ੍ਹ ਕੇ ਆਈਆਂ।
ਕਹਿੰਦੇ ਅਕਾਲ ਤਖ਼ਤ ਢਾਹੁਣੇਂ।
ਹਾਰ ਨਾ ਮੰਨਦੇ ਨੀਲੇ ਬਾਣੇ।

ਜਦ-ਜਦ ਹਾਕਮ ਕਹਿਰ ਕਮਾਵੇ।
ਤਦ ਤਦ ਖਾਲਸਾ ਉਹਨੂੰ ਢਾਹਵੇ।
ਚਮਕੌਰ ਗੜ੍ਹੀ 'ਚੋਂ ਮੁੱਕੇ ਦਾਣੇ।
ਹਾਰ ਨਾ ਮੰਨਦੇ ਨੀਲੇ ਬਾਣੇ।

ਭਾਵੇਂ ਨੀਹਾਂ ਵਿੱਚ ਚਿਣਵਾ ਦੇ।
ਕੇਸੋਂ ਚੰਗਾ ਗਾਟਾ ਲਾਹ ਦੇ।
ਭਾਵੇਂ ਬੰਦ ਬੰਦ ਪਏ ਕਟਾਉਣੇ।
ਹਾਰ ਨਾ ਮੰਨਦੇ ਨੀਲੇ ਬਾਣੇ।

ਬਾਬਰ ਨੂੰ ਵੀ ਜਾਬਰ ਕਹਿਣਾ।
ਤੱਤੀਆਂ ਤਵੀਆਂ ਤਾਪ ਵੀ ਸਹਿਣਾ।
ਫਿਰ ਵੀ ਰਹਿਣਾ ਉਸਦੇ ਭਾਣੇ।
ਹਾਰ ਨਾ ਮੰਨਦੇ ਨੀਲੇ ਬਾਣੇ।

ਇਹ ਸ਼ਹਾਦਤ ਹੋਰ ਨਾ ਕਿਧਰੇ।
ਸਵਾ ਲੱਖ ਨਾਲ 'ਕੱਲਾ ਨਿਬੜੇ।
ਸੀਸ ਤਲੀ ਧਰ ਜੰਗ ਨੂੰ ਮਾਣੇ।
ਹਾਰ ਨਾ ਮੰਨਦੇ ਨੀਲੇ ਬਾਣੇ।

ਵਿੱਚ ਚੁਰਾਸੀ ਘੱਲੂਘਾਰੇ।
ਕਿੰਨੇ ਹੀ ਬੇਦੋਸ਼ੇ ਮਾਰੇ।
ਫ਼ਿਰ ਵੀ ਖੜਦੇ ਹਿੱਕਾਂ ਤਾਣੇ।
ਹਾਰ ਨਾ ਮੰਨਦੇ ਨੀਲੇ ਬਾਣੇ।

www.PunjabiLibrary.com

ਇਨਸਾਨੀਅਤ

ਭਾਵੇਂ ਅੰਦਰ ਹੋਵੇ ਸਿੱਖੀ।
ਜਾਂ ਹੋਵੇ ਮੁਸਲਮਾਨੀਅਤ।
ਪਰ ਇੱਕ ਗੱਲ ਪਿਆਰੇ ਯਾਦ ਰੱਖੀਂ।
ਸਭ ਤੋਂ ਪਹਿਲਾਂ ਐ ਇਨਸਾਨੀਅਤ।

ਭਾਵੇਂ ਪੜ੍ਹ ਲੈ ਗੁਰਬਾਣੀ ਤੂੰ।
ਜਾਂ ਕਰੀਂ ਅਦਾ ਨਮਾਜ਼ਾਂ ਨੂੰ।
ਪਰ ਇੱਕ ਗੱਲ ਪਿਆਰੇ ਯਾਦ ਰੱਖੀਂ।
ਇਹਨਾਂ ਦੋਵਾਂ ਵਿੱਚ ਰੂਹਾਨੀਅਤ।

ਜੇ ਕਹਿੰਦੈਂ ਮੰਦਿਰ ਤੇਰਾ ਐ।
ਤੇ ਆਹ ਗੁਰੂ ਘਰ ਮੇਰਾ ਐ।
ਤਾਂ ਇੱਕ ਗੱਲ ਪਿਆਰੇ ਯਾਦ ਰੱਖੀਂ।
ਰੱਬੀ ਘਰ ਵੀ ਛਾਊ ਵਿਰਾਨੀਅਤ।

ਉਹ ਤਾਂ ਕਹਿੰਦੇ ਇੱਕ ਓਅੰਕਾਰ।
ਮਾਲਿਕ ਸਭ ਕਾ ਇੱਕ ਹੈ ਯਾਰ।
ਫ਼ਿਰ ਵੀ ਆਪਸ ਵਿੱਚ ਤਕਰਾਰ।
ਆਹ ਦੇਖ ਹੁੰਦੀ ਐ ਹੈਰਾਨੀਅਤ।

ਭਾਵੇਂ ਅੰਦਰ ਹੋਵੇ ਸਿੱਖੀ।
ਜਾਂ ਹੋਵੇ ਮੁਸਲਮਾਨੀਅਤ।
ਪਰ ਇੱਕ ਗੱਲ ਪਿਆਰੇ ਯਾਦ ਰੱਖੀਂ।
ਸਭ ਤੋਂ ਪਹਿਲਾਂ ਐ ਇਨਸਾਨੀਅਤ।
***

www.PunjabiLibrary.com

ਖ਼ਰਾਬ ਨਸਲਾਂ

ਚਿਮਟੇ ਵਾਜਿਆਂ ਨਾਲ਼ ਤਾਂ
ਇਹ ਰੀਸ ਕਰਨ ਰਬਾਬਾਂ ਦੀ।

ਫ਼ੱਕਰ ਆਖ਼ਣ ਖ਼ੁਦ ਨੂੰ ਤੇ
ਜ਼ਿੰਦਗੀ ਜੀਣ ਨਵਾਬਾਂ ਦੀ।

ਕਹਿੰਦੇ ਰੱਬ ਸਾਦਗੀ ਵਿੱਚ,
ਆਪ ਸੌਂਵਣ ਸੇਜ ਗੁਲਾਬਾਂ ਦੀ।

ਐਧਰ ਵਾਹਿਗੁਰੂ ਓਧਰ ਅੱਲ੍ਹਾ,
ਇਹ ਬਾਬੇ ਨਸਲ ਖਰਾਬਾਂ ਦੀ।

ਓਹ ਤਾਂ ਘੁਲ਼ਿਆ ਮਿਲਿਆ ਫ਼ਿਰਦਾ,
ਵਿੱਚ ਮਿੱਟੀ ਦੋਵੇਂ ਪੰਜਾਬਾਂ ਦੀ।
***

www.PunjabiLibrary.com

ਜ਼ਹਿਰ

ਪਾਸ਼ ਨੇ ਕੇਰਾਂ ਕਿਹਾ ਸੀ।
"ਤੁਸੀਂ ਕਿੰਝ ਕਹਿ ਸਕਦੇ ਹੋ
ਕਿ ਇਹ ਜ਼ਹਿਰ ਹੈ ਤੇ ਇਹ ਜ਼ਹਿਰ ਨਹੀਂ।
ਜ਼ਹਿਰ ਤੋਂ ਤਾਂ ਨਾ ਸਿਗਰਟ ਮੁਕਤ ਹੈ
ਨਾ ਪਾਨ
ਨਾ ਕਾਨੂੰਨ ਨਾ ਕ੍ਰਿਪਾਨ।"
ਹੁਣ ਮੈਂ ਕਹਿੰਦਾ ਹਾਂ ਕਿ ਜ਼ਹਿਰ ਤਾਂ ਹਰ ਕਿਧਰੇ ਹੈ।
ਜਦ ਜਦ ਮੇਰਾ ਕੋਈ ਬਾਪੂ ਬੁਢਾਪਾ ਪੈਨਸ਼ਨ ਲਈ
ਦਫ਼ਤਰਾਂ ਦੇ ਚੱਕਰ ਕੱਟਦਾ ਹੈ।
ਜਾਂ ਕੋਈ ਆਪਣੇ ਪੁੱਤਰ ਦੇ ਮਰੇ 'ਤੇ ਇੰਸ਼ੋਰੈਂਸ ਲੈਣ ਬੈਂਕਾਂ ਦੇ ਧੱਕੇ ਖਾਂਦਾ ਹੈ।
ਤਾਂ ਉਹ ਸਭ ਹਰ ਪਲ ਥੋੜ੍ਹਾ-ਥੋੜ੍ਹਾ ਜ਼ਹਿਰ ਚੱਖਦੇ ਹਨ।
ਜਦ ਮੇਰੀਆਂ ਭੈਣਾਂ ਬੱਸਾਂ 'ਚ ਮਰੀ ਹੋਈ ਲਾਸ਼ਾਂ ਬਣ
ਦੂਜਿਆਂ ਦੇ ਸਰੀਰਾਂ ਨੂੰ ਖ਼ੁਦ ਨਾਲ ਰਗੜਨ ਤੋਂ ਤੰਗ ਹੋ ਹੰਝੂ ਵਗਾਉਣ ਤੇ ਮਜ਼ਬੂਰ ਹੁੰਦੀਆਂ ਹਨ।
ਉਹ ਤਾਂ ਜ਼ਹਿਰ ਦੀ ਓਵਰਡੋਜ਼ ਹੈ।
ਜੋ ਹੰਝੂਆਂ ਰਾਹੀਂ ਵਗ ਆਉਂਦਾ ਐ।
ਜਦ-ਜਦ ਕੋਈ ਰੁੱਖ ਕੱਟਦਾ ਦੇਖਦਾ ਹਾਂ ਤਾਂ
ਇੱਕਦਮ ਲੱਗਦਾ ਹੈ ਕਿ ਅਗਲੇ ਸਾਹ ਰਾਹੀਂ ਮੋਟਰ ਗੱਡੀ 'ਚੋਂ ਨਿਕਲਦਾ ਕਾਲ਼ਾ ਸ਼ਾਹ ਧੂੰਆਂ ਮੇਰੇ ਅੰਦਰ ਗਿਆ ਹੈ।
ਤੇ ਉਹ ਜ਼ਹਿਰ ਹੀ ਤਾਂ ਹੈ।
ਜੋ ਹੌਲੇ-ਹੌਲੇ ਮੈਨੂੰ ਮਾਰ ਰਿਹਾ ਹੈ।
ਮਰ ਤਾਂ ਅਸੀਂ ਸਾਰੇ ਰਹੇ ਹਾਂ।
ਸਭ ਨੂੰ ਪਤਾ ਹੈ ਕਿ ਗ਼ਲਤ ਹੋ ਰਿਹਾ ਹੈ।
ਕਿੱਥੇ ?
ਇੱਥੇ ! ਜਿਧਰ ਤੁਸੀਂ ਹੁਣੇ ਦੇਖਿਆ।
ਜਾਂ ਜਿੱਧਰ ਪਹਿਲਾਂ ਦੇਖ ਰਹੇ ਸੀ।
ਜਾਂ ਜਿੱਧਰ ਦੇਖਣਾ ਹੈ ਹਾਲੇ।
ਪਰ ਅਸੀਂ ਮੁਰਦਾ ਸ਼ਾਂਤੀ ਲੈ ਕੇ ਬਸ ਦੇਖਣ ਤੱਕ ਹੀ ਸੀਮਤ ਹਾਂ।
ਪਰ ਅੰਦਰੋਂ ਜ਼ਹਿਰ ਘੁਲ਼ ਰਿਹਾ ਹੈ।
ਲਹੂ ਦਾ ਸਵਾਦ ਕੌੜਾ ਹੋ ਰਿਹਾ ਹੈ।
ਅਸੀਂ ਮਰ ਰਹੇ ਹਾਂ।
ਕਿਉਂਕਿ ਜ਼ਹਿਰ ਫੈਲ ਰਿਹਾ ਹੈ।
ਅੰਦਰ ਵੀ ਤੇ ਬਾਹਰ ਵੀ।

www.PunjabiLibrary.com

ਪਹਿਲੀ ਨਜ਼ਰ 'ਚ ਪਿਆਰ।

ਕਈ ਦੋਸਤ ਇਸ 'ਤੇ ਯਕੀਨ ਨਹੀਂ ਕਰਦੇ।
ਪਰ ਮੈਨੂੰ ਹੋਇਆ ਸੀ ਪਹਿਲੀ ਨਜ਼ਰ 'ਚ ਪਿਆਰ।
ਹੁੰਦਾ ਵੀ ਕਿਵੇਂ ਨਾ ਉਹ ਸੀ ਹੀ ਐਨੀ ਸੋਹਣੀ।
ਉਹਦੀਆਂ ਅੱਖਾਂ ਉਹਦੇ ਬੁੱਲ੍ਹ ਉਹਦਾ ਚਿਹਰਾ।
ਐਨੀ ਸੋਹਣੀ ਲੜਕੀ ਮੈਂ ਪਹਿਲੀ ਵਾਰ ਦੇਖੀ ਸੀ।
ਮੈਂ ਜਿਵੇਂ ਹੀ ਉਸਦੀਆਂ ਅੱਖਾਂ 'ਚ ਅੱਖਾਂ ਪਾਈਆਂ
ਮੇਰੇ ਅੰਦਰਲੀ ਸਾਰੀ ਬੇਚੈਨੀ ਦੂਰ ਹੋ ਗਈ
ਜਿਵੇਂ ਮੇਰੀ ਰੂਹ ਨੂੰ ਉਸਦਾ ਹੀ ਇੰਤਜ਼ਾਰ ਸੀ।
ਉਹਦੀ ਪਹਿਲੀ ਛੋਹ ਨਾਲ ਮੈਂ ਹੈਰਾਨ ਹੋ ਗਿਆ।
ਮੈਨੂੰ ਪਰਮਾਤਮਾ ਦੀ ਹੋਂਦ ਦਾ ਅਹਿਸਾਸ ਹੋਇਆ।
ਮੈਨੂੰ ਇੰਞ ਲਗਿਆ ਜਿਵੇਂ ਮੇਰਾ ਉਸ ਲੜਕੀ ਨਾਲ ਕੋਈ ਪੁਰਾਣਾ ਰਿਸ਼ਤਾ ਹੈ।
ਥੋੜ੍ਹਾ ਸਮਾਂ ਬੀਤਿਆ ਤਾਂ ਪਿਆਰ ਹਰ ਰੋਜ਼ ਵੱਧਦਾ ਹੀ ਗਿਆ
ਮੈਨੂੰ ਉਸਦੀ ਆਦਤ ਹੋ ਗਈ ਤੇ ਉਸਨੂੰ ਮੇਰੀ।
ਅਸੀਂ ਇਸ਼ਕ ਵਿੱਚ ਰੰਗੇ ਗਏ ਪਰ ਮੈਂ ਉਸ ਰਿਸ਼ਤੇ ਨੂੰ ਇੱਕ ਨਾਮ ਦੇਣਾ ਸੀ।
ਮੈਂ ਬਹੁਤ ਯਤਨ ਕੀਤਾ ਪਰ ਮੈਨੂੰ ਮੈਂ ਬੇਜ਼ੁਬਾਨ ਜਿਹਾ ਜਾਪਿਆ।
ਖ਼ੈਰ ਵਕਤ ਦੇ ਘੋੜੇ ਦੌੜੇ ਤੇ ਇੱਕ ਸਾਲ ਬੀਤ ਗਿਆ।
ਤੇ ਇਸ ਤੋਂ ਬਾਅਦ ਇਹ ਰਿਸ਼ਤਾ ਇਹ ਪਿਆਰ ਹੋਰ ਗਹਿਰਾ ਹੋ ਗਿਆ।
ਮੈਂ ਉਸਨੂੰ ਇੱਕ ਰਿਸ਼ਤੇ 'ਚ ਬੰਨ੍ਹ ਦੇਣਾ ਚਾਹੁੰਦਾ ਸੀ।
ਦੱਸਣਾ ਚਾਹੁੰਦਾ ਸੀ ਕਿ ਮੈਂ ਉਸਨੂੰ ਰੱਬ ਸਮਝਦਾਂ ਤੇ ਬਹੁਤ ਪਿਆਰ ਕਰਦਾਂ।
ਪਰ ਬੇਬਸ ਤੇ ਲਾਚਾਰ ਬਸ ਉਸਨੂੰ ਦੇਖੀ ਜਾਂਦਾ।
ਫਿਰ ਉਹ ਦਿਨ ਆਇਆ ਜਦ ਮੈਂ ਬਹੁਤ ਹਿੰਮਤ ਕਰਕੇ ਇੱਕ ਲਫ਼ਜ਼ ਬੋਲਿਆ।
ਤੇ ਉਹ ਲਫ਼ਜ਼ ਸੁਣ ਕੇ ਉਸ ਲੜਕੀ ਨੇ ਮੈਨੂੰ ਸੀਨੇ ਨਾਲ਼ ਘੁੱਟ ਲਿਆ।
ਉਹ ਸ਼ਬਦ ਸਭ ਤੋਂ ਸੋਹਣਾ ਸ਼ਬਦ ਸੀ ਜੋ ਮੈਂ ਅੱਜ ਵੀ ਉਸ ਲੜਕੀ ਨੂੰ ਸੰਬੋਧਨ ਕਰਨ ਲੱਗਿਆਂ ਅਕਸਰ ਬੋਲਦਾਂ।
ਇਹ ਸ਼ਬਦ ਪਿਆਰ ਦੀ ਸ਼ੁਰੂਆਤ ਹੈ।
ਤੇ ਇਹੀ ਸ਼ਬਦ ਸਾਡੇ ਉਸ ਪਾਕ ਰਿਸ਼ਤੇ ਦਾ ਨਾਮ ਹੈ।
ਮੈਂ ਉਹ ਪਹਿਲਾ ਸ਼ਬਦ ਜੋ ਬੋਲਿਆ ਸੀ ਉਸਨੂੰ ਪੜ੍ਹ ਕੇ ਇਹ ਲਿਖ਼ਤ ਦੁਬਾਰਾ ਪੜ੍ਹਿਓ।
ਉਹ ਸ਼ਬਦ ਸੀ "ਮਾਂ"

www.PunjabiLibrary.com

ਮੈਂ ਆਖਦਾ ਹਾਂ

ਉਹ ਆਖ਼ਦੀ ਹੈ, ਕਿ ਤੂੰ ਹੋਰਾਂ ਵਾਂਗ ਮੇਰੀ ਆਪਣੀ ਮਾਂ ਨਾਲ਼ ਤੁਲਨਾ ਕਿਉਂ ਨਹੀਂ ਕਰਦਾ।
ਮੈਂ ਕਹਿੰਦਾ ਹਾਂ ਕਿ ਤੂੰ 7 ਜਨਮ ਵੀ ਮੇਰੀ ਹੋ ਜਾਵੇਂ ਫ਼ਿਰ ਵੀ ਮੇਰੀ ਮਾਂ ਜਿੰਨ੍ਹਾਂ ਮੋਹ ਹਾਸਿਲ ਨਹੀਂ ਕਰ ਸਕਦੀ।

ਉਹ ਫ਼ਿਰ ਆਖਦੀ ਹੈ ਮੇਰੀ ਅਵਾਜ਼ 'ਚ ਤੈਨੂੰ ਅਨਹਦ ਨਾਦ ਸੁਣਾਈ ਕਿਉਂ ਨਹੀਂ ਦਿੰਦੇ।
ਮੈਂ ਕਹਿੰਦਾ ਹਾਂ ਕਿ ਪਹਿਲਾਂ ਇਸਦੇ ਅਰਥ ਪੜ੍ਹ ਤੇ ਫ਼ਿਰ ਗੱਲ ਕਰ।

ਉਹ ਆਖਦੀ ਹੈ ਕਿ ਤੈਨੂੰ ਮੇਰੇ ਪੈਰ, ਮੇਰੇ ਹੱਥ, ਮੇਰੀ ਝਾਂਜਰ ਰੱਬ ਜਿਹੇ ਕਿਉਂ ਨਹੀਂ ਜਾਪਦੇ।
ਮੈਂ ਕਹਿੰਦਾ ਹਾਂ ਕਿਉਂਕਿ ਤੂੰ ਇੱਕ ਇਨਸਾਨ ਹੈਂ।

ਉਹ ਕਹਿੰਦੀ ਹੈ ਕਿ ਕੀ ਤੇਰਾ ਜਨਮ ਵੀ ਮੇਰੇ ਪੈਰਾਂ 'ਚ ਬੈਠੇ ਰਹਿਣ ਲਈ ਹੋਇਆ ਸੀ।
ਮੈਂ ਕਹਿੰਦਾ ਹਾਂ ਕਿ ਨਹੀਂ ਮੈਨੂੰ ਹੋਰ ਵੀ ਬਹੁਤ ਕੰਮ ਨੇ।

ਫਿਰ ਬੋਲਦੀ ਹੈ ਕਿ ਕਈਆਂ ਤੋਂ ਸੁਣਿਆ ਹੈ ਕਿ ਸਾਡਾ ਜਨਮ ਮਹਿਬੂਬ ਤੋਂ ਸ਼ੁਰੂ ਤੇ ਉਸੇ ਤੇ ਖ਼ਤਮ ਹੁੰਦਾ ਹੈ।
ਮੈਂ ਕਹਿੰਦਾ ਹਾਂ ਫਿਰ ਮੇਰਾ ਅਸਲ ਮਹਿਬੂਬ ਪਰਮਾਤਮਾ (ਮਾਂ) ਹੈ।

ਉਹ ਫ਼ਿਰ ਦੁਹਰਾਉਂਦੀ ਹੈ ਕਿ ਮੇਰੇ ਪੈਰ ਤੈਨੂੰ ਧਾਰਮਿਕ ਸਥਾਨ ਕਿਉਂ ਨਹੀਂ ਜਾਪਦੇ।
ਮੈਂ ਮੁਸਕਰਾ ਕੇ ਉਸ ਵੱਲ ਦੇਖਦਾ ਹਾਂ ਤੇ ਉਹ ਸਮਝ ਜਾਂਦੀ ਹੈ।

ਖ਼ੈਰ ਗ਼ਲਤੀ ਉਸਦੀ ਨਹੀਂ ਉਹ ਅਜੋਕੇ ਲੇਖਕ ਪੜ੍ਹਦੀ ਹੈ। ਤੇ ਇੱਕ ਆਮ ਲੜਕੀ ਹੈ। ਮਿੱਠੀਆਂ ਗੱਲਾਂ ਦਾ ਅਸਰ ਹੋ ਜਾਂਦਾ ਹੈ। ਲੜਕੀਆਂ ਦੇ ਦਿਲ ਜਿੱਤਣੇ ਸੌਖੇ ਹੁੰਦੇ ਨੇ। ਪਰ ਮੈਂ ਨਹੀਂ ਚਾਹੁੰਦਾ ਕਿ ਉਹ ਅਸਲ ਤੋਂ ਦੂਰ ਹੋਵੇ ਇਸੇ ਕਰਕੇ ਉਸਨੂੰ ਹਰ ਗੱਲ ਦਾ ਜਵਾਬ ਸਮਝਾ ਕੇ ਦੇਣਾ ਚਾਹੁੰਦਾ ਹਾਂ। ਤੇ ਇਸੇ ਲਈ ਉਸਨੂੰ ਅਜਿਹੇ ਲੇਖਕਾਂ ਨੂੰ ਪੜ੍ਹਨ ਤੋਂ ਹਮੇਸ਼ਾ ਵਰਜਦਾ ਹਾਂ।

***

www.PunjabiLibrary.com

ਹਾਦਸਾ

ਮੇਰੀ ਜ਼ਿੰਦਗੀ ਇੱਕ ਹਾਦਸਾ ਹੋ ਗਈ ਐ।
ਕਿਉਂਕਿ ਮੈਂ ਅਕਸਰ ਹਾਦਸੇ ਹੀ ਲਿਖਦਾ ਹਾਂ।
ਤੁਸੀਂ ਤਾਂ ਪੜ੍ਹਦੇ ਹੋ ਮੈਨੂੰ,
ਹਾਦਸੇ ਲਿਖੇ ਹੋਏ ਕਿਵੇਂ ਦੇ ਲੱਗਦੇ ਨੇ,
ਤੁਹਾਨੂੰ ਪਤਾ ਈ ਹੋਣਾਂ।

ਅੱਜ ਉਹ ਵੀ ਬੋਲ ਪਈ।
ਤੇਰਾ ਲਿਖ਼ਿਆ ਹਰ ਲਫ਼ਜ਼ ਬੋਲਦਾ ਹੈ।
ਇਹ ਕਵਿਤਾਵਾਂ, ਕਿੱਸੇ, ਕਹਾਣੀਆਂ, ਜ਼ਿੰਦਾ ਜਾਪਦੇ ਹਨ।
ਤੈਨੂੰ ਸਮਝਣਾ ਬਹੁਤ ਔਖਾ ਐ।
ਪਰ ਤੇਰਾ ਲਿਖਿਆ ਸਮਝਣਾ ਸੌਖਾ ਐ।

ਪਰ ਕਈ ਹਾਦਸੇ ਲਿਖੇ ਜਾਣ ਲਈ ਨਹੀਂ ਵਾਪਰਦੇ।
ਜਾਂ ਉਹਨਾਂ 'ਤੇ ਲਿਖਿਆ ਨਹੀਂ ਜਾ ਸਕਦਾ।
ਜਾਂ ਫਿਰ ਉਹ ਹਾਦਸੇ ਐਨੇ ਦਰਦਨਾਕ ਹੁੰਦੇ ਹਨ,
ਕਿ ਉਹਨਾਂ ਨੂੰ ਲਿਖਣ ਲੱਗਿਆਂ ਜ਼ਖ਼ਮ ਕੁਰੇਦੇ ਜਾਣ ਜਿਹਾ ਅਹਿਸਾਸ ਹੁੰਦਾ ਐ।

ਤੇ ਜਿਵੇਂ ਕਿ ਪਹਿਲੀ ਲਾਇਨ 'ਚ ਮੈਂ ਲਿਖਿਆ ਐ।
ਕਿ ਮੇਰੀ ਜ਼ਿੰਦਗੀ ਇੱਕ ਹਾਦਸਾ ਹੋ ਗਈ ਐ।
ਮੈਂ ਇਸ ਹਾਦਸੇ 'ਤੇ ਕਦੇ ਲਿਖ ਨਹੀਂ ਪਾਉਂਦਾ
ਜਾਂ ਫਿਰ ਮੈਂ ਉਸ 'ਤੇ ਕਦੇ ਲਿਖ ਨਹੀਂ ਪਾਉਂਦਾ,
ਜਿਸਨੂੰ ਮੈਂ ਜ਼ਿੰਦਗੀ ਕਹਿੰਦਾ ਸੀ।

***

www.PunjabiLibrary.com

ਲਘੁ ਕਹਾਣੀ– ਬਾਬਾ ਨਾਜ਼ਰ

ਕੀ ਗੱਲ ਬਾਬਾ ਤੂੰ ਝਿੜਕਦਾ ਕਾਹਤੋਂ ਨ੍ਹੀਂ ਇਹਨਾਂ ਜਵਾਕਾਂ ਨੂੰ।
ਸਾਰਾ ਦਿਨ ਭਕਾਈ ਮਾਰਦੇ ਆ ਤੇਰੇ ਨਾਲ਼।
ਤੰਗ ਨੀ ਹੁੰਦਾ ਤੂੰ।
ਮੇਰੀ ਇਹ ਗੱਲ ਸੁਣ ਕੇ ਨਾਜ਼ਰ ਬਾਬਾ ਮੁਸਕਰਾ ਪਿਆ।
ਭਾਵੇਂ ਕਿ ਬਹੁਤਾ ਬਜ਼ੁਰਗ ਹੋ ਗਿਆ ਐ। ਸੁਣਦਾ ਵੀ ਘੱਟ ਐ ਉਹਨੂੰ। ਪਰ ਫ਼ਿਰ ਵੀ ਝੁਰੜੀਆਂ ਭਰੇ ਚਿਹਰੇ ਪਿੱਛੇ ਇੱਕ ਆਨੰਦ ਲੁਕਿਆ ਦੇਖਿਆ ਮੈਂ।
ਬਾਬੇ ਦਾ ਵਿਆਹ ਨਹੀਂ ਹੋਇਆ। ਮੈਂ ਸੁਣਿਆ ਬਾਬੇ ਨੇ ਕਰਾਇਆ ਈ ਨ੍ਹੀਂ। ਬਹੁਤ ਤਰਲੇ ਕੀਤੇ ਸੀ ਬਾਬੇ ਦੇ ਘਰਦਿਆਂ ਨੇ। ਪਰ ਬਾਬਾ ਕਿਸੇ ਦੇ ਇਸ਼ਕ 'ਚ ਸੀ।
ਤੇ ਜਿਸਦੇ ਇਸ਼ਕ 'ਚ ਸੀ ਉਹ ਕਿਸੇ ਹੋਰ ਦੀ ਹੋ ਗਈ।
ਪਹਿਲਾਂ–ਪਹਿਲਾਂ ਮੈਨੂੰ ਇਹ ਸਭ ਮਜ਼ਾਕ ਜਾਪਦਾ। ਜਿਵੇਂ ਬਾਬੇ ਨੂੰ ਸਾਰੇ ਟਿੱਚਰ ਕਰਦੇ ਹੋਣ। ਪਰ ਅੱਜ ਨਾਜ਼ਰ ਬਾਬੇ ਦੇ ਚਿਹਰੇ ਦੇ ਭਾਵ ਦੇਖ ਕੇ ਇੰਝ ਲੱਗਿਆ ਜਿਵੇਂ ਬਾਬਾ ਅੰਦਰੋਂ ਅੰਦਰੀਂ ਕਹਿੰਦਾ ਹੋਵੇ।
ਤੁਸੀਂ ਸਾਰੇ ਮੂਰਖ ਹੋ। ਤੁਹਾਨੂੰ ਕੁਝ ਨਹੀਂ ਪਤਾ। ਇਸ਼ਕ ਬਾਰੇ। ਮੁਹੱਬਤ ਬਾਰੇ। ਮੈਂ ਵਰ੍ਹਿਆਂ ਤੀਕ ਮੁਹੱਬਤ ਜ਼ਿੰਦਾ ਰੱਖੀ ਐ।
ਕਿੰਨੇ ਸਰਦ ਮੌਸਮ ਮੈਂ ਮਾਣੇ ਨੇ ਇਸ਼ਕੇ ਦੇ ਨਿੱਘ 'ਚ।
ਬਾਬਾ ਉਹਨਾਂ ਸਾਰਿਆਂ ਦੀਆਂ ਟਿੱਚਰਾਂ ਦਾ ਕਦੇ ਜਵਾਬ ਨਹੀਂ ਦਿੰਦਾ। ਬਸ ਹੱਸ ਪੈਂਦਾ ਐ। ਤੇ ਮੈਨੂੰ ਜਾਪਦੈ ਜਿਵੇਂ ਕਹਿ ਰਿਹਾ ਹੋਵੇ ਕਿ ਜੇ ਮੈਂ ਕਿਸੇ ਹੋਰ ਦਾ ਹੋ ਜਾਂਦਾ ਤਾਂ ਉਸਦੀ ਮੁਹੱਬਤ ਮਰ ਜਾਣੀ ਸੀ।
ਉਹ ਸਾਰੇ ਪਿੰਡ ਦਾ ਸਾਂਝਾ ਬਾਬਾ ਐ। ਕਿਸੇ ਦੇ ਵੀ ਘਰੇ ਲੰਗਰ ਪਾਣੀ ਛੱਕ ਲੈਂਦਾ ਐ। ਤੇ ਸਭ ਨੂੰ ਪਿਆਰ ਵੰਡਦਾ ਐ।
ਜਿਵੇਂ ਉਹ ਭਰਿਆ ਪਿਆ ਐ ਇਸ਼ਕ ਨਾਲ।
ਖੈਰ ਮੈਂ ਦੁਬਾਰਾ ਬਾਬੇ ਨੂੰ ਡੂੰਘੀ ਆਵਾਜ 'ਚ ਕਿਹਾ। ਬਾਬਾ ਤੂੰ ਕਹਿੰਦਾ ਕਿਉਂ ਨੀਂ ਕੁਝ ਇਹਨਾਂ ਜਵਾਕਾਂ ਨੂੰ।
ਬਾਬਾ ਧੀਮੀਂ ਜਿਹੀ ਅਵਾਜ 'ਚ ਬੋਲਿਆ।
ਪੁੱਤਰਾ ਕਿਸੇ ਨੇ ਇਸ਼ਕੇ ਦੀ ਐਸੀ ਮਿਠਾਸ ਭਰੀ ਸੀ ਮੇਰੇ ਚ।
ਸਹੁਰੀ ਮੁੱਕਣ 'ਤੇ ਹੀ ਨ੍ਹੀਂ ਆਉਂਦੀ।

www.PunjabiLibrary.com

ਕੁਦਰਤ

ਮੇਰੇ ਕਮਰੇ ਨੂੰ ਕੁਦਰਤੀ ਚਾਨਣ ਦੇਣ ਵਾਲਾ ਰੌਸ਼ਨਦਾਨ ਮੈਨੂੰ ਬਹੁਤ ਪਿਆਰਾ ਹੈ।
ਉਸਨੂੰ ਕੁਝ ਅਦਾ ਨਹੀਂ ਕਰਦਾ ਮੈਂ।
ਕੋਈ ਮੁੱਲ ਨਹੀਂ ਕੋਈ ਟੈਕਸ ਨਹੀਂ।
ਪਰ ਫ਼ਿਰ ਵੀ ਉਹ ਮੈਨੂੰ ਰੋਸ਼ਨੀਆਂ ਦਿੰਦਾ ਹੈ।

ਸੜਕਾਂ 'ਤੇ ਲੱਗੇ ਮੀਲ ਪੱਥਰ ਮੈਨੂੰ ਬਹੁਤ ਪਿਆਰੇ ਹਨ।
ਉਹ ਅੱਜਕੱਲ੍ਹ ਦੇ ਇਨਸਾਨਾਂ ਵਾਂਗ ਕਿਸੇ ਨੂੰ ਗ਼ਲਤ ਰਾਹੇ ਨਹੀਂ ਪਾਉਂਦੇ।
ਸਦਾ ਸਹੀ ਰਾਹ ਦਿਖਾਉਂਦੇ ਹਨ।

ਅੱਜਕੱਲ੍ਹ ਦੇ ਗੀਤਕਾਰਾਂ ਦੀ ਬਜਾਏ ਮੈਂ ਸਵੇਰੇ ਉੱਠ ਕੇ ਚਿੜੀਆਂ ਦਾ ਚਹਿਕਣਾ ਸੁਣਦਾ ਵਾਂ।
ਭਾਵੇਂ ਉਹਨਾਂ ਦੀ ਭਾਸ਼ਾ ਮੇਰੀ ਸਮਝੋਂ ਬਾਹਰ ਐ,
ਪਰ ਰੂਹਾਨੀ ਸੰਗੀਤ ਹੈ ਜੋ ਪਰਮਾਤਮਾ ਦੇ ਹੋਣ ਦਾ ਅਹਿਸਾਸ ਕਰਾਉਂਦਾ ਹੈ।

ਗ਼ੁਲਾਬ ਦੇ ਫੁੱਲਾਂ ਨਾਲੋਂ ਮੀਂਹ ਤੋਂ ਬਾਅਦ ਵਾਲੀ ਮਹਿਕ ਮੈਨੂੰ ਜਿਆਦਾ ਪਸੰਦ ਐ।
ਇਸਨੂੰ ਪਾਉਣ ਲਈ ਮੈਨੂੰ ਕਿਸੇ ਫੁੱਲ ਦਾ ਕਤਲ ਨਹੀਂ ਕਰਨਾ ਪੈਂਦਾ।
ਮੈਂ ਅਕਸਰ ਮੀਂਹ ਦਾ ਇੰਤਜ਼ਾਰ ਕਰਦਾ ਹਾਂ।

ਮੈਂ ਮਹਿੰਗੇ ਕੱਪੜੇ ਖਰੀਦਣ ਨਾਲ਼ੋਂ ਕਿਤਾਬਾਂ ਖ਼ਰੀਦਣੀਆਂ ਪਸੰਦ ਕਰਾਂਗਾ।
ਕਿਸੇ ਨੂੰ ਉਪਹਾਰ 'ਚ ਕਿਤਾਬ ਦੇਣਾ ਮੇਰੇ ਲਈ ਸਭ ਤੋਂ ਖ਼ੁਸ਼ਨੁਮਾ ਅਹਿਸਾਸ ਹੈ।
ਕਿਤਾਬਾਂ ਸਦਾ ਸਿਖਾਉਂਦੀਆਂ ਹਨ।
ਇਹ ਕੁਝ ਖੋਹਦੀਆਂ ਨਹੀਂ।
***

www.PunjabiLibrary.com

ਪੁੰਗਰਦੀ ਕਵਿਤਾ

ਮੈਂ ਇਕਾਂਤ ਚ ਬੈਠਾ ਹਾਂ।
ਮੇਰੀਆਂ ਅੱਖਾਂ 'ਚੋਂ ਕੁੱਝ ਪੁੰਗਰ ਰਿਹਾ ਹੈ।
ਮੈਂ ਸਾਹਮਣੇ ਇੱਕ ਰੁੱਖ ਦੇਖ ਰਿਹਾ ਹਾਂ।
ਉਸ ਰੁੱਖ ਵਿੱਚੋਂ ਕਈ ਟਹਿਣੀਆਂ ਪੁੰਗਰ ਰਹੀਆਂ ਹਨ।
ਉਹਨਾਂ ਟਹਿਣੀਆਂ ਵਿੱਚ ਪੱਤੇ ਪੁੰਗਰ ਰਹੇ ਹਨ।
ਇੱਕ ਪੱਤੇ ਹੇਠਾਂ ਮੈਂ ਇੱਕ ਰੇਸ਼ਮ ਦਾ ਕੀੜਾ ਦੇਖਿਆ।
ਜਿਸ ਵਿੱਚੋਂ ਦੀ ਰੇਸ਼ਮ ਪੁੰਗਰ ਰਿਹਾ ਹੈ।
ਫਿਰ ਮੇਰੇ ਸਾਹਮਣੇ ਉਸ ਵਿੱਚੋਂ ਖੰਭ ਪੁੰਗਰੇ ਤੇ ਉਹ ਤਿਤਲੀ ਬਣ ਕੇ ਉੱਡ ਗਿਆ।
ਹੁਣੇ ਥੱਲੇ ਜ਼ਮੀਨ 'ਚ ਘਾਹ ਵੀ ਪੁੰਗਰਿਆ ਐ।
ਐਨੀ ਸ਼ਾਂਤੀ ਹੈ ਐਥੇ।
ਤੇ ਮੈਂ ਆਪਣੀਆਂ ਅੱਖਾਂ ਜੋ ਕਾਫ਼ੀ ਦੇਰ ਤੱਕ ਇੱਕ ਗਲਿਹਰੀ ਨੂੰ ਬਿਨ੍ਹਾ ਝਪਕੇ ਦੇਖ ਰਹੀਆਂ ਸਨ। ਨੂੰ ਝਪਕ ਕੇ ਆਪਣੇ ਹੱਥਾਂ ਵੱਲ ਦੇਖਿਆ।
ਮੇਰੇ ਹੱਥ ਸੁੰਨ ਹੋ ਗਏ ਹਨ।
ਮੈਂ ਚਾਹੁੰਦਾ ਹਾਂ ਉਹ ਪੰਛੀ ਜੋ ਹੁਣੇ ਹੁਣੇ ਉਸ ਦਰੱਖਤ 'ਤੇ ਆਇਆ ਹੈ।
ਜਿਸਨੇ ਚਹਿਕ ਕੇ ਇਹ ਮੁਰਦਾ ਸ਼ਾਂਤੀ ਭੰਗ ਕੀਤੀ ਹੈ।
ਉਹ ਪੰਛੀ ਮੇਰੇ ਬੇਜਾਨ ਹੋਏ ਹੱਥਾਂ ਤੇ ਆਲ੍ਹਣਾ ਪਾ ਲਵੇ।
ਮੈਂ ਐਥੋਂ ਉੱਠ ਕੇ ਕਿਤੇ ਜਾਣਾ ਨਹੀਂ ਚਾਹੁੰਦਾ।
ਐਥੇ ਹੀ ਬਿਨ੍ਹਾਂ ਕਿਸੇ ਹਰਕਤ ਦੇ ਮੈਂ ਕੁੱਝ ਆਖ਼ਰੀ ਦਿਨ ਬਿਤਾਉਣਾ ਚਾਹੁੰਦਾ ਹਾਂ।
ਮੈਂ ਚਾਹੁੰਦਾ ਹਾਂ ਕਿ ਮੇਰੀ ਲਾਸ਼ ਨੂੰ ਵੀ ਉਦੋਂ ਤੀਕ ਨਾ ਛੇੜਿਆ ਜਾਵੇ ਜਦ ਤੀਕ ਉਸ ਪੰਛੀ ਦੇ ਆਂਡਿਆਂ ਵਿੱਚੋਂ ਨਿੱਕਲੇ ਨਿੱਕੇ-ਨਿੱਕੇ ਬੋਟ ਉੱਡਣਯੋਗ ਨਹੀਂ ਹੋ ਜਾਂਦੇ।
ਮੇਰੀ ਆਤਮਾ ਉਹਨਾਂ ਦੇ ਨਾਲ਼ ਉਡਾਰੀ ਭਰੇਗੀ।
ਉਹ ਮੇਰੇ ਹੱਥਾਂ ਦੇ ਜੰਮਪਲ ਹੋਵਣਗੇ। ਉਹ ਮੇਰੇ ਤੋਂ ਡਰਨਗੇ ਨਹੀਂ।
ਤੇ ਮੈਂ ਉਦੋਂ ਅਸਲ 'ਚ ਖ਼ੁਦ ਨੂੰ ਆਜ਼ਾਦ ਕਹਾਂਗਾ।
ਇਕਦਮ ਮੈਨੂੰ ਕਿਸੇ ਨੇ ਝੰਜੋੜ ਕੇ ਕਿਹਾ।
ਚੱਲ ਅਰਜ਼ ਚੱਲੀਏ। ਪਹਿਲਾਂ ਹੀ ਕਾਫ਼ੀ ਦੇਰ ਹੋ ਚੁੱਕੀ ਹੈ।
ਮੈਂ ਅੱਖਾਂ ਨੂੰ ਮਲ਼ਦਿਆਂ ਉਸੇ ਰੁੱਖ ਨੂੰ ਦੇਖਿਆ।
ਉਹ ਪੰਛੀ ਉਡਾਰੀ ਭਰ ਚੁੱਕਾ ਹੈ।
ਤੇ ਫ਼ਿਰ ਮੁਰਦਾ ਸ਼ਾਂਤੀ ਛਾ ਗਈ ਹੈ।
ਮੇਰੇ ਹੱਥ ਹਰਕਤ ਕਰ ਰਹੇ ਹਨ।
ਕੁਝ ਪੁੰਗਰ ਰਿਹਾ ਹੈ ਇਹਨਾਂ 'ਚੋਂ।
ਸ਼ਾਇਦ ਇੱਕ ਕਵਿਤਾ।

www.PunjabiLibrary.com

ਕਵਿਤਾ ਦਾ ਕਾਤਿਲ।

ਉੱਠਦੇ ਬਹਿੰਦੇ।
ਸੌਂਦੇ ਜਾਗਦੇ।
ਸਫ਼ਰ ਕਰਦਿਆਂ।
ਵਿਹਲੇ ਬੈਠਿਆਂ।
ਮੈਂ ਕਈ ਵਾਰੀ ਕਵਿਤਾ ਦਾ ਕਤਲ ਕਰ ਦਿੰਦਾ ਵਾਂ।
ਮੈਂ ਕਾਤਿਲ ਹਾਂ। ਕਿੰਨੀਆਂ ਹੀ ਕਵਿਤਾਵਾਂ ਮੈਂ ਆਪਣੇ ਅੰਦਰ ਹੀ ਕਤਲ ਕਰ ਚੁੱਕਿਆ ਹਾਂ।

ਹਾਂ ਕਵਿਤਾ ਦਾ ਕਤਲ।
ਜਿਵੇਂ ਬੱਚੇ ਨੂੰ ਪੈਦਾ ਹੋਣ ਲਈ ਮਾਂ ਦੇ ਲਹੂ ਤੇ ਪਿਉ ਦੇ ਵੀਰਜ਼ ਦੀ ਜ਼ਰੂਰਤ ਹੈ।
ਉਦਾਂ ਹੀ ਮੇਰੀ ਕਵਿਤਾ ਨੂੰ ਵੀ ਜਨਮ ਲੈਣ ਲਈ ਕਲਮ ਤੇ ਕਾਗਜ਼ ਚਾਹੀਦਾ ਸੀ।
ਪਰ ਮੈਂ ਆਪਣੀ ਉਸ ਧੀ ਨੂੰ ਉਹ ਸਭ ਅਦਾ ਨਾ ਕਰ ਪਾਇਆ।

ਅਗਲੇ ਦਿਨ ਮੈਂ ਕਾਗਜ਼ ਤੇ ਕਲਮ ਚੁੱਕ ਕੇ ਆਪਣੀ ਮੋਈ ਕਵਿਤਾ ਨੂੰ ਫ਼ਿਰ ਜੀਵਤ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ।
ਅੱਜ ਵੀ ਮੈਂ ਚਾਹੁੰਦਾ ਹਾਂ ਕਿ ਮੇਰੀਆਂ ਸਾਰੀਆਂ ਮਰੀਆਂ ਕਵਿਤਾਵਾਂ ਫ਼ਿਰ ਦੁਬਾਰਾ ਜਨਮ ਲੈਣ।
ਪਰ ਉਹ ਹੁਣ ਪੈਦਾ ਨਹੀਂ ਹੋ ਸਕਦੀਆਂ।
ਉਹ ਹਮੇਸ਼ਾ ਲਈ ਮਰ ਚੁੱਕੀਆਂ ਹਨ।

ਕਵਿਤਾਵਾਂ ਸਾਡੇ ਆਲੇ-ਦੁਆਲੇ ਘੁੰਮਦੀਆਂ ਰਹਿੰਦੀਆਂ ਹਨ।
ਐਦਾਂ ਹੀ ਕਈ ਕਵਿਤਾਵਾਂ ਅਕਸਰ ਮਰ ਜਾਂਦੀਆਂ ਹਨ।
ਇਹਨਾਂ 'ਚੋਂ ਕੋਈ ਭਾਗਾਂ ਵਾਲ਼ੀ ਕਵਿਤਾ ਹੁੰਦੀ ਐ।
ਜਿਸਨੂੰ ਜਨਮ ਮਿਲਦਾ ਹੈ।
ਫ਼ਿਰ ਉਹ ਹਮੇਸ਼ਾਂ ਲਈ ਅਮਰ ਹੋ ਜਾਂਦੀ ਹੈ।
***

www.PunjabiLibrary.com

ਇੱਕ ਸ਼ਾਇਰ

ਮੇਰੀ ਸੋਚ ਮੁਤਾਬਿਕ ਪਰਮਾਤਮਾ ਤੋਂ ਬਾਅਦ ਸ਼ਾਇਰ ਕੋਲ਼ ਹੀ ਅਜਿਹੀ ਸ਼ਕਤੀ ਐ।
ਜੋ ਅਮਰ ਬਣਾ ਸਕਦੀ ਐ।
ਕਿਉਂਕਿ ਇੱਕ ਸ਼ਾਇਰ ਹੀ ਤਾਂ ਹੈ।
ਜਿਸਦਾ ਪਿਆਰ ਅਮਰ ਹੋ ਜਾਂਦਾ ਹੈ।

ਜਿਵੇਂ ਸ਼ਿਵ ਦੀ ਓਹੀ ਕੁੜੀ ਜਿਸਦਾ ਨਾਂਅ ਮੁਹੱਬਤ ਐ।
ਭਾਵੇਂ ਕਿ ਉਹ ਹੁਣ ਤੱਕ ਗੁੰਮ੍ਹ ਐ।
ਪਰ ਮਰੀ ਨਹੀਂ। ਉਹ ਅਮਰ ਹੈ।

ਸ਼ਾਇਰ ਸਾਰੀ ਉਮਰ ਆਪਣੇ ਅਹਿਸਾਸਾਂ ਨੂੰ ਬੀਜ਼ਦੇ ਹਨ।
ਹੰਝੂਆਂ ਨਾਲ ਸਿੰਚਾਈ ਕਰਕੇ ਸਿਆਹੀ ਰੂਪੀ ਖ਼ਾਦ ਪਾਉਂਦੇ ਹਨ।
ਫ਼ਿਰ ਕਿੱਧਰੇ ਕਵਿਤਾ ਪੁੰਗਰਦੀ ਐ ਸ਼ਾਇਰ ਦੇ ਧਰਾਤਲ ਦਾ ਸੀਨਾ ਪਾੜ ਕੇ।
ਸ਼ਾਇਰਾਂ ਦੀ ਕੋਈ ਹੱਦ ਨਹੀਂ ਹੁੰਦੀ।
ਉਹ ਬੇਹੱਦ ਹੁੰਦੇ ਹਨ।

ਕਵਿਤਾ ਲਿਖਣਾ ਸੌਖਾ ਲੱਗਦੈ।
ਹਾਂ ਸਾਨੂੰ ਸੌਖਾ ਈ ਤਾਂ ਲੱਗਦੈ।
ਕਿਉਂਕਿ ਅਸੀਂ ਹੱਦਾਂ ਨਹੀਂ ਟੱਪਦੇ।
ਇਸੇ ਕਾਰਨ ਸਾਡੀ ਮੁਹੱਬਤ ਵੀ ਸਾਡੇ ਨਾਲ਼ ਹੀ ਮਰ ਜਾਂਦੀ ਐ।

ਪਰ ਜੋ ਸ਼ਾਇਰ ਜਾਂ ਕਵੀ ਲਿਖਦਾ ਹੈ।
ਉਹ ਕਵਿਤਾ ਕਦੇ ਨਹੀਂ ਮਰਦੀ।
ਨਾ ਹੀ ਉਸਨੂੰ ਮਰਨ ਦਿੰਦੀ ਹੈ ਜਿਸਦੀ ਮੁਹੱਬਤ 'ਚ ਉਹ ਲਿਖੀ ਗਈ ਹੋਵੇ।
***

www.PunjabiLibrary.com

ਮੁਹੱਬਤ ਦੀ ਪਰਿਭਾਸ਼ਾ

ਹਾਂ ਮੈਂ ਮੁਹੱਬਤ ਹਾਂ
ਪਰ ਉਹ ਵਾਲ਼ੀ ਮੁਹੱਬਤ ਨਹੀਂ ਜਿਸਨੂੰ ਅੱਜਕੱਲ੍ਹ ਮੁਹੱਬਤ ਕਹਿੰਦੇ ਹਨ।
ਮੈਂ ਉਹੀ ਮੁਹੱਬਤ ਹਾਂ ਜੋ ਕੇਵਲ ਇੱਕ ਅਹਿਸਾਸ ਹੈ।
ਇਸ ਅਹਿਸਾਸ ਤੋਂ ਇੱਕ ਅਜਿਹੀ ਖ਼ੁਸ਼ੀ ਮਿਲ਼ਦੀ ਹੈਂ ਜੋ ਬਿਆਨੋਂ ਬਾਹਰ ਹੈ।

ਜਿਵੇਂ ਮੀਂਹ ਤੋਂ ਬਾਅਦ ਕੰਧਾਂ 'ਤੇ ਮਿੱਟੀ 'ਚੋਂ ਆਉਂਦੀ ਉਹ ਮਹਿਕ।
ਜਿਸ ਬਾਰੇ ਬੋਲ ਕੇ ਨਹੀਂ ਦੱਸਿਆ ਜਾ ਸਕਦਾ ਕਿ ਉਹ ਕਿਵੇਂ ਦੀ ਹੈ।
ਮੁਹੱਬਤ ਉਸੇ ਤਰ੍ਹਾਂ ਹੈ।

ਓਪਰਾ ਬੰਦਾ ਬੱਚੇ ਨੂੰ ਚੁੱਕਦਾ ਹੈ।
ਬੱਚਾ ਰੋਵਣ ਲੱਗਦਾ ਹੈ। ਮਾਂ ਨੂੰ ਮਹਿਸੂਸ ਹੁੰਦੀ ਐ ਮੁਹੱਬਤ।
ਮਾਂ ਬੱਚੇ ਨੂੰ ਗੋਦ ਵਿੱਚ ਲੈਂਦੀ ਹੈ।
ਤੇ ਉਹ ਚੁੱਪ ਕਰ ਜਾਂਦਾ ਹੈ।
ਇਹੀ ਹੈ ਮੁਹੱਬਤ।

ਇੱਕ ਪਿਉ ਆਪਣੀ ਬੱਚੀ ਨਾਲ਼ ਲੁੱਕਣ ਮਚਾਈ ਖੇਡ ਰਿਹਾ ਹੈ।
ਬੱਚੀ ਸਾਹਮਣੇ ਦਿਖਾਈ ਦੇ ਰਹੀ ਹੈ। ਪਰ ਪਿਉ ਬੱਚੀ ਦੀ ਖ਼ੁਸ਼ੀ ਲਈ ਜਾਣ ਬੁੱਝ ਕੇ ਨਜ਼ਰ ਅੰਦਾਜ਼ ਕਰਦਾ ਐ।
ਇਹੀ ਹੈ ਮੁਹਬੱਤ।
ਇੱਕ ਅਹਿਸਾਸ।

ਜਿਵੇਂ ਘਰ ਆਏ ਮਹਿਮਾਨ ਜਾਣ ਲੱਗੇ ਪਿਆਰ ਵਜੋਂ ਕੁਝ ਪੈਸੇ ਦੇ ਜਾਣ।
ਤੇ ਮਹਿਮਾਨਾਂ ਦੇ ਘਰੋਂ ਨਿੱਕਲਦੇ ਹੀ ਬੱਚਾ ਟਰੇਅ 'ਚ ਪਿਆ ਖਾਣ ਵਾਲ਼ਾ ਸਮਾਨ ਖਾ ਲਵੇ ਤੇ ਨਾਮ ਮਹਿਮਾਨਾਂ ਦਾ ਲੱਗ ਜਾਵੇ।
ਇਹ ਉਸ ਬੱਚੇ ਦੀ ਮੁਹੱਬਤ ਐ।
ਇਹ ਅਹਿਸਾਸ ਬੋਲ ਕੇ ਨਹੀਂ ਦੱਸੇ ਜਾ ਸਕਦੇ।
ਇਹ ਮਹਿਸੂਸ ਕੀਤੇ ਜਾ ਸਕਦੇ ਹਨ।
ਮੁਹੱਬਤ ਵੀ ਇੱਕ ਅਹਿਸਾਸ ਹੈ।

www.PunjabiLibrary.com

ਰਾਤ ਨੂੰ ਸੌਣ ਤੋਂ ਪਹਿਲਾਂ ਅਸੀਂ ਕੁੱਝ ਸਮਾਂ ਬਿਸਤਰ ਤੇ ਜਿਹਨਾਂ ਬਾਰੇ ਸੋਚਦੇ ਹਾਂ
ਉਹੀ ਸਾਡੀ ਮੁਹੱਬਤ ਹੁੰਦੇ ਹਨ।
ਜੇ ਕੋਈ ਪੈਸੇ ਬਾਰੇ ਸੋਚੇ ਤਾਂ ਉਸਨੂੰ ਪੈਸੇ ਨਾਲ ਮੁਹੱਬਤ ਐ।
ਐਦਾਂ ਈ ਮੁਹੱਬਤ ਕਿਸੇ ਨਾਲ ਵੀ ਹੋ ਸਕਦੀ ਐ।

ਮੈਨੂੰ ਕਲ਼ਮ ਨਾਲ ਮੁਹੱਬਤ ਐ।
ਇਹ ਪੰਜ ਰੁਪਏ ਦੀ ਕਲਮ ਮੇਰੇ ਕੋਲ਼ੋਂ ਮੁਹੱਬਤ ਲਿਖਵਾ ਰਹੀ ਹੈ।
ਕਮਾਲ ਦੀ ਗੱਲ ਹੈ।
ਸਾਡੇ ਪਿੰਡ 'ਚ ਬਾਣੀਏ ਦੀ ਇੱਕ ਹੱਟੀ ਐ।
ਉਹਦੇ ਕੋਲ਼ ਵੀ ਕਲਮ ਸਾਰਾ ਦਿਨ ਰਹਿੰਦੀ ਐ।
ਜਾਂ ਨਛੱਤਰ ਮੁਨਸ਼ੀ ਜੋ ਸਾਰਾ ਦਿਨ ਕਲਮ ਜੇਬ ਵਿੱਚ ਪਾਈ ਰੱਖਦਾ ਹੈ।
ਪਰ ਇਹਨਾਂ ਨੂੰ ਕਲਮ ਨਾਲ਼ ਮੁਹੱਬਤ ਨਹੀਂ।
ਇਸ ਕਰਕੇ ਉਹ ਮੁਹੱਬਤ ਲਿਖ਼ਦੇ ਨਹੀਂ।
ਤੇ ਅਸੀਂ ਹਾਂ ਕਿ ਮੁਹੱਬਤ 'ਚ ਇਸ ਕਲਮ ਦੇ ਗੁਲਾਮ ਬਣੀ ਬੈਠੇ ਹਾਂ।

www.PunjabiLibrary.com

ਇੱਕ ਗੱਲ

ਹਜ਼ਾਰਾਂ ਲੱਖਾਂ ਗੱਲਾਂ ਤੋਂ ਬਾਅਦ,
ਗੱਲ ਆਖ਼ਰੀ ਗੱਲ 'ਤੇ ਆ ਗਈ।
ਤੇ ਆਖ਼ਰੀ ਗੱਲ ਵੀ ਕੀ ਗੱਲ ਸੀ
ਗੱਲਾਂ ਗੱਲਾਂ 'ਚ ਉਸਨੇ ਕਹਿ ਦਿੱਤਾ,
ਅੱਜ ਤੋਂ ਬਾਅਦ ਮੇਰੇ ਨਾਲ ਗੱਲ ਨਾ ਕਰੀ।
ਉਸ ਤੋਂ ਬਾਅਦ ਸਾਡੀ ਕਦੇ ਕੋਈ ਗੱਲ ਨਹੀਂ ਹੋਈ।
ਹਾਂ ਇੱਕ ਗੱਲ ਹੋਰ!
ਉਹ ਗੱਲ-ਗੱਲ ਵਿੱਚ ਮੈਨੂੰ ਕਹਿੰਦੀ ਸੀ,
"ਤੂੰ ਬਹੁਤ ਘੱਟ ਗੱਲ ਕਰਦੈਂ"
ਮੈ ਇੱਕੋ ਗੱਲ 'ਚ ਜਵਾਬ ਦਿੰਦਾ,
"ਗੱਲ ਕਰਨ ਲਈ ਕੋਈ ਗੱਲ ਵੀ ਤਾਂ ਹੋਵੇ"
ਤੇ ਅੱਜ ਗੱਲ ਇੱਥੇ ਪੁੱਜ ਗਈ ਐ
ਕਿ ਉਹ ਬਹੁਤੀਆਂ ਗੱਲਾਂ ਵਾਲੀ
"ਇਕ ਗੱਲ" ਬਣ ਕੇ ਰਹਿ ਗਈ ਐ।
***

www.PunjabiLibrary.com

ਵਾਹ ਓਏ ਸੱਜਣਾਂ

ਵਾਹ ਓਏ ਸੱਜਣਾਂ।
ਤੂੰ ਤਾਂ ਇਨਸਾਨੀਅਤ ਤੇ ਕੁਦਰਤ ਦਾ ਪ੍ਰੇਮੀ ਦੱਸਦਾ ਸੀ ਖ਼ੁਦ ਨੂੰ।
ਜਿਸ ਅੰਜਣਹਾਰੀ ਦਾ ਤੂੰ ਹੁਣੇ ਮਿੱਟੀ ਦਾ ਘਰ ਤੋੜਿਆ ਐ ਤੈਨੂੰ ਪਤਾ ਉਹ ਟਿੱਬਿਓਂ ਪਾਰ ਜਾ ਕੇ ਚੀਕਣੀ ਮਿੱਟੀ ਦੀਆਂ ਗੋਲ਼ੀਆਂ ਬਣਾ ਕੇ ਕਿੰਨੇ ਦਿਨਾਂ ਤੋਂ ਅਣਥੱਕ ਮਿਹਨਤ ਕਰਕੇ ਉਸਨੇ ਆਪ ਸਿਰਜਿਆ ਸੀ।
ਕੁਦਰਤ ਬਾਰੇ ਤੈਨੂੰ ਕੋਈ ਗਿਆਨ ਨਹੀਂ।
ਜਿਹੜੇ ਪੰਛੀ ਦਾਣੇ ਚੁਗਦੇ ਸੀ ਕੀੜੇ ਖਾਂਦੇ ਸੀ ਉਹ ਤਾਂ ਤੂੰ ਆਪਣੇ ਇਸ਼ਾਰਿਆਂ 'ਤੇ ਭੁਜੀਆ ਖਾਣ ਲਾ ਦਿੱਤੇ।
ਦਰੱਖ਼ਤ ਵੱਢ ਕੇ ਪਾਪ ਕਮਾਇਆ ਤੇ ਫ਼ਿਰ ਨਕਲੀ ਆਲ੍ਹਣੇ ਆਪਣੇ ਘਰਾਂ 'ਚ ਲਾਉਣੇ ਤੇਰੀ ਸਿਆਣਪ ਕਹਾਂ ਕੇ ਮੂਰਖ਼ਤਾ।
ਕੁਦਰਤ ਨੂੰ ਮਾਨਣਾ ਹਰੇਕ ਦੇ ਵੱਸ ਦੀ ਗੱਲ ਨਹੀਂ।
ਉਹ ਭਰਿੰਡ ਜਿਹੜੀ ਤੂੰ ਚੱਪਲ ਨਾਲ਼ ਮਾਰੀ ਸੀ ਤੂੰ ਤੇ ਭੁੱਲ ਗਿਆ ਮਾਰ ਕੇ।
ਪਰ ਮੈਂ ਕੀੜੀਆਂ ਨੂੰ ਦੇਖਦਾ ਰਿਹਾ ਜੋ ਉਸ ਭਰਿੰਡ ਦੇ ਨਿੱਕੇ-ਨਿੱਕੇ ਟੋਟੇ ਕਰ ਉਸਨੂੰ ਆਪਣੇ ਘਰ ਲੈ ਗਈਆਂ।
ਇਹ ਕੁੱਤੇ ਪਹਿਲਾਂ ਐਨੇ ਜ਼ਹਿਰੀ ਨਹੀਂ ਸੀ।
ਤੂੰ ਆਪੇ ਇਹਨਾਂ 'ਚ ਇਹ ਜ਼ਹਿਰ ਘੋਲ ਰਿਹਾ ਐਂ।
ਜਿਹੜੀ ਤੂੰ ਨਵੀਂ ਇਮਾਰਤ ਲਈ ਬੇਸਮੈਂਟ ਬਣਾਇਆ ਐ ਤੈਨੂੰ ਪਤਾ ਕਦੇ ਐਨਾ ਡੂੰਘਾ ਟੋਆ ਪੱਟਣ 'ਤੇ ਪਾਣੀ ਨਿੱਕਲ ਆਉਂਦਾ ਸੀ।
ਪਰ ਅੱਜ ਪਾਣੀ ਸਾਥੋਂ ਨਰਾਜ਼ ਹੋ ਕੇ ਦੂਰ ਜਾ ਰਿਹਾ ਐ।
ਯਾਦ ਕਰੀਂ ਖਾਂ ਨਿੱਕੇ ਹੁੰਦੇ ਕਿੰਨੀਆਂ ਤਿੱਤਲੀਆਂ ਦੇਖਦਾ ਸੀ ਤੂੰ ਤੇ ਰਾਤਾਂ ਨੂੰ ਜੁਗਨੂੰ।
ਜ਼ਰਾ ਸੋਚ ਸੱਜਣਾ ਕਿੱਥੇ ਗਏ ਉਹ ਸਭ ?
ਤੇ ਕਿੱਥੇ ਗਈਆਂ ਉਹ ਚਮ-ਚੜੀਕਾਂ ?
ਇਹ ਉਹੀ ਪੰਜਾਬ ਐ ਯਾਂ ਕੋਈ ਹੋਰ।
ਹੁਣ ਤੇ ਰਾਤੀਂ ਚੰਨ ਤਾਰੇ ਵੀ ਧੁੰਦਲੇ ਜਿਹੇ ਜਾਪਦੇ ਨੇ।
ਉਹ ਪਹਿਲਾਂ ਵਾਲਾ ਸਕੂਨ ਨਹੀਂ ਰਿਹਾ ਉਹਨਾਂ 'ਚ ਵੀ।
ਤੂੰ ਨੀਂਦ 'ਚੋਂ ਜਾਗ ਸੱਜਣਾ।
ਕਿਧਰੇ ਤੇਰੀ ਅਗਲੀ ਨਸਲ ਪੰਜ਼ਾਬ ਦਾ ਅੰਤ ਨਾ ਦੇਖ ਲਵੇ।
ਉਦੋਂ ਨਾ ਤੇ ਭਰਿੰਡਾਂ ਦਿਖਣੀਆਂ ਨਾ ਇਹ ਬਚੇ ਖੁਚੇ ਭੁਜੀਆ ਖਾਣੇ ਪੰਛੀ।
ਉਦੋਂ ਸ਼ਾਇਦ ਕੈਕਟਸ ਹੀ ਸਾਡੇ ਪੱਲੇ ਰਹਿ ਜਾਣ।

ਰੱਬੀ ਰਿਸ਼ਤਾ

ਮੈਨੂੰ ਉਹ ਰੱਬ ਜਿਹੀ ਲੱਗਦੀ ਐ।
ਜਦ-ਜਦ ਉਹਦੀਆਂ ਡੂੰਘੀਆ ਅੱਖਾਂ ਮੇਰੇ ਵੱਲ ਦੇਖਦੀਆਂ।
ਮੈਂ ਕਈ ਵਾਰ ਉਹਨੂੰ ਨਜ਼ਰ ਅੰਦਾਜ ਕਰਨ ਦਾ ਦਿਖਾਵਾ ਕਰਦਾ।
ਪਰ ਦਿਖਾਵੇ ਦਾ ਅਰਥ ਤਾਂ ਤੁਸੀਂ ਸਾਰੇ ਜਾਣਦੇ ਈ ਓ।

ਕੋਲ਼ੋਂ ਲੰਘਦਿਆਂ ਜਦ ਵੀ ਉਹਦੇ ਵੱਲ ਟੇਢਾ ਜਿਹਾ ਦੇਖ ਲਵਾਂ।
ਉਹ ਮੇਰੇ ਵੱਲ ਈ ਦੇਖ ਰਹੀ ਹੁੰਦੀ ਐ।
ਕਦੇ-ਕਦੇ ਤਾਂ ਸੋਚਦਾ ਕਿ ਕੋਲ ਬੈਠ ਕੇ ਗੱਲ ਕਰਾਂ।
ਪਰ ਉਹਦਾ ਰੁਤਬਾ ਮੈਨੂੰ ਬਹੁਤ ਉੱਚਾ ਲੱਗਦੈ।

ਉਹ ਮੈਨੂੰ ਗਿਆਨ ਦਾ ਭੰਡਾਰ ਜਾਪਦੀ ਐ।
ਇਕ ਸਕੂਨ ਐ ਉਹਦੇ ਚਿਹਰੇ 'ਤੇ।
ਜਿਵੇਂ ਕਿਸੇ ਸ਼ੈਅ ਦੀ ਚਾਹ ਨਾ ਹੋਵੇ ਉਸਨੂੰ।
ਮੈਨੂੰ ਉਹ ਸੰਪੂਰਨ ਜਾਪਦੀ ਐ।

ਕੱਲ੍ਹ ਤਾਂ ਮੈਂ ਉਸਦੇ ਸੋਹਣੇ ਪੈਰ ਵੀ ਦੇਖ ਲਏ।
ਮੇਰਾ ਦਿਲ ਕਰਿਆ ਕਿ ਛੂਹ ਲਵਾਂ ਉਹਦੇ ਪੈਰ।
ਤੇ ਮਹਿਸੂਸ ਕਰਾਂ ਸਵਰਗ ਦੀ ਛੋਹ ਨੂੰ।
ਮੈਂ ਰੋਕ ਨਾ ਪਾਇਆ ਖ਼ੁਦ ਨੂੰ।

ਬਹਿ ਗਿਆ ਉਹਦੇ ਕੋਲ਼ ਤੇ ਫੜ੍ਹ ਲਏ ਉਹਦੇ ਪੈਰ।
ਇਸ਼ਕ ਹੋ ਗਿਆ ਐ ਓਹਦੇ ਨਾਲ਼।
ਉਹ ਮੈਨੂੰ ਆਪਣੀ ਜਿਹੀ ਜਾਪਦੀ ਐ।
ਉਹਨੇਂ ਵੀ ਹੌਲੇ ਜਿਹੇ ਮੇਰੇ ਸਿਰ ਤੇ ਹੱਥ ਫੇਰਿਆ।
ਤੇ ਮੈਂ ਦੂਜੇ ਜਹਾਨ 'ਚ ਪਹੁੰਚ ਗਿਆ।

ਮੈਂ ਉਹਨੂੰ ਐਨੀ ਨਜ਼ਦੀਕ ਤੋਂ ਪਹਿਲੀ ਵਾਰ ਦੇਖਿਆ।
ਉਸਦੇ ਸਫ਼ੇਦ ਵਾਲ, ਝੁਰੜੀਆਂ ਤੇ ਡੂੰਘੀਆ ਅੱਖਾਂ।
ਅੱਖਾਂ 'ਤੇ ਲੱਗਿਆ ਮੋਟੇ ਸ਼ੀਸ਼ਿਆਂ ਵਾਲ਼ਾ ਚਸ਼ਮਾਂ।
ਤੇ ਖ਼ੁਰਦਰੇ ਹੱਥ। ਉਹ ਰੱਬ ਹੀ ਤਾਂ ਹੈ।

www.PunjabiLibrary.com

ਅੱਜ ਉਹ ਬੇਬੇ ਮੇਰੀ ਆਪਣੀ ਐ।
ਜਿਸਨੂੰ ਮੈਂ ਦਫ਼ਤਰ ਜਾਣ ਲੱਗਿਆਂ ਰਾਹ 'ਚ ਰੋਜ਼ ਦੇਖਦਾ ਸੀ।
ਉਹ ਘਰੋਂ ਬਾਹਰ ਮੰਜੀ 'ਤੇ ਬੈਠੀ ਮੇਰੇ ਵੱਲ ਇੰਝ ਦੇਖਦੀ ਸੀ।
ਜਿਵੇਂ ਕਿਸੇ ਨੂੰ ਲੱਭ ਰਹੀ ਹੋਵੇ ਮੇਰੇ 'ਚੋਂ।
ਤੇ ਸ਼ਾਇਦ ਕੱਲ੍ਹ ਉਸਨੂੰ ਮਿਲ਼ ਵੀ ਗਿਆ।
ਇੱਕ ਪੁੱਤਰ।

www.PunjabiLibrary.com

ਮੈਂ ਦਿਲ ਤੋਂ ਮੁਹੱਬਤ ਨਹੀਂ ਕਰਦਾ

ਮੈਂ ਕਦੇ ਉਸਨੂੰ ਦਿਲ ਤੋਂ ਪਿਆਰ ਨਹੀਂ ਕੀਤਾ।
ਲੋਕ ਪਤਾ ਨਹੀਂ ਕਿਵੇਂ ਕਹਿ ਦਿੰਦੇ ਨੇ ਕਿ
ਮੁਹੱਬਤ ਦਿਲ ਤੋਂ ਹੁੰਦੀ ਐ।
ਮੈਂ ਤਾਂ ਸਦਾ ਜਿਸਮ ਤੋਂ ਪਿਆਰ ਕੀਤਾ ਐ।

ਮੇਰਾ ਸਾਰਾ ਜਿਸਮ ਮੁਹੱਬਤ ਲਈ ਤੜਫ਼ਦਾ ਐ।
ਮੇਰੇ ਦੀਦੇ ਉਸਦੀ ਦੀਦ ਲੋਚਦੇ ਨੇ।
ਕੰਨ ਉਸਨੂੰ ਸੁਣਨਾ ਚਾਹੁੰਦੇ ਨੇ।
ਮੇਰਾ ਨੱਕ ਉਸਦੀ ਖ਼ੁਸ਼ਬੋ ਨਾਲ਼ ਮਦਹੋਸ਼ ਹੋ ਜਾਂਦੈ।
ਮੇਰੇ ਬੁੱਲ੍ਹ ਉਸਦੇ ਮੱਥੇ ਦੀ ਤਾਂਘ ਰੱਖਦੇ ਨੇ।
ਮੇਰੇ ਹੱਥ ਮੇਰੇ ਪੋਟੇ ਮੇਰਾ ਰੋਮ-ਰੋਮ ਉਸਦੀ ਇੱਕ ਛੋਹ ਭਾਲ਼ਦਾ ਐ।
ਮੈਂ ਦਿਮਾਗ ਨਾਲ਼ ਉਸ ਬਾਰੇ ਸੋਚਦਾ ਹਾਂ।
ਮੇਰੇ ਪੈਰ ਮੈਨੂੰ ਉਸ ਤੀਕ ਲੈ ਕੇ ਜਾਂਦੇ ਹਨ।

ਇਸ ਸਭ 'ਚ ਦਿਲ ਕਿੱਥੋਂ ਆ ਸਕਦੈ।
ਉਹ ਤਾਂ ਸਿਰਫ਼ ਇੱਕ ਅੰਦਰੁਨੀ ਅੰਗ ਐ।
ਜਿਸਦਾ ਲਾਲ ਜਿਹਾ ਰੰਗ ਐ।
ਉਹ ਲਹੂ ਬਣਾਉਂਦਾ ਐ ਤੇ ਫਿਰ ਉਸਨੂੰ ਹਰ ਅੰਗ ਤੀਕ ਪਹੁੰਚਾਉਂਦਾ ਐ।
ਮੇਰਾ ਜਿਸਮ ਮੇਰੇ ਦਿਲ ਦੇ ਅਧੀਨ ਹੈ।
ਪਰ ਮੇਰੀ ਮੁਹੱਬਤ ਸਦਾ ਜਿਸਮ ਤੋਂ ਸ਼ੁਰੂ ਹੋਵੇਗੀ ਤੇ ਜਿਸਮ 'ਤੇ ਖ਼ਤਮ।
ਮੈਂ ਦਿਲ ਤੋਂ ਮੁਹੱਬਤ ਨਹੀਂ ਕਰਦਾ।
***

www.PunjabiLibrary.com

ਕੁਦਰਤੀ ਫ਼ਲਸਫ਼ੇ

ਕੁਦਰਤੀ ਫ਼ਲਸਫ਼ਿਆਂ ਨਾਲ਼ ਘਿਰਿਆ ਹੋਇਆ ਸੀ ਉਹ।
ਮੈਂ ਉਹਨੂੰ ਕਈ ਵਾਰ ਪੰਛੀਆਂ ਨਾਲ਼ ਗੱਲ਼ਾਂ ਕਰਦੇ ਸੁਣਿਆ ਐ।
ਜਿਵੇਂ ਉਹ ਕਹਿ ਰਿਹਾ ਹੋਵੇ ਕਿ ਤੁਸੀਂ ਦੇਖਿਓ ਇੱਕ ਦਿਨ ਮੈਂ ਵੀ ਉਡਾਰੀ ਭਰਾਂਗਾ ਤੁਹਾਡੇ ਨਾਲ਼।
ਮੱਕੜੀਆਂ ਜਦ ਜਾਲੇ ਬੁਣਦੀਆ ਸੀ ਤਾਂ ਉਹ ਬਹੁਤ ਧਿਆਨ ਨਾਲ ਦੇਖਦਾ ਤੇ ਕਹਿੰਦਾ ਮਿਹਨਤ ਕਰਨਾ ਇਸਨੂੰ ਕਹਿੰਦੇ ਨੇ।
ਮੈਨੂੰ ਉਸੇ ਨੇ ਸਮਝਾਇਆ ਸੀ ਕਿ ਬਿੱਲੀ ਆਪਣੇ ਬਲੂੰਗੜਿਆਂ ਨੂੰ 7 ਘਰ ਟਪਾਉਂਦੀ ਐ। ਇਸ ਦਰਮਿਆਨ ਉਹ ਬਹੁਤ ਕੁਝ ਸਿਖਾਉਂਦੀ ਹੈ।
ਉਹ ਕੁਦਰਤ ਤੋਂ ਸਿੱਖਦਾ ਸੀ ਤੇ ਫ਼ਿਰ ਸਾਰਿਆਂ ਨੂੰ ਸਮਝਾਉਂਦਾ।
ਉਸੇ ਨੇ ਕਿਹਾ ਸੀ ਕਿ ਸਾਰੀ ਕਾਇਨਾਤ ਇੱਕ ਮਸ਼ੀਨ ਵਾਂਗ ਹੈ।
ਜਿਵੇਂ ਹਰ ਮਸ਼ੀਨ ਨੂੰ ਚੱਲਣ ਲਈ ਉਰਜਾ ਜਾਂ ਕੋਈ ਸ਼ਕਤੀ ਦੀ ਜ਼ਰੂਰਤ ਹੈ। ਕੋਈ ਸ਼ਕਤੀ ਹੈ ਜੋ ਸਾਰੀ ਸ੍ਰਿਸ਼ਟੀ ਨੂੰ ਚਲਾਉਂਦੀ ਹੈ
ਆਹ ਹਵਾ ਆਹ ਪਾਣੀ ਸੂਰਜ ਚੰਨ ਤਾਰੇ ਤੇ ਆਹ ਧਰਤੀ ਸਭ ਮਸ਼ੀਨ ਦਾ ਹੀ ਹਿੱਸਾ ਐ।
ਕਦੇ-ਕਦੇ ਐਨੀਆਂ ਡੂੰਘੀਆਂ ਗੱਲਾਂ ਕਰਦਾ ਕੇ ਸਭ ਹੈਰਾਨ ਹੋ ਜਾਂਦੇ।
ਖੈਰ ਉਹਨੂੰ ਸ਼ਹਿਰ 'ਚ ਨੌਕਰੀ ਮਿਲ ਗਈ।
ਕਈ ਮਹੀਨਿਆਂ ਮਗਰੋਂ ਇੱਕ ਦਿਨ ਮੈਨੂੰ ਸ਼ਹਿਰ ਦੇ ਬੱਸ ਸਟੈਂਡ 'ਤੇ ਚੁੱਪ ਚਾਪ ਹੇਠਾਂ ਨੂੰ ਮੂੰਹ ਕਰੀ ਬੈਠਾ ਮਿਲਿਆ।
ਮੇਰੇ ਪੁੱਛਣ 'ਤੇ ਕਹਿੰਦਾ ਕਿ ਯਾਰ ਸਭ ਪਿੰਡ 'ਚ ਰਹਿ ਗਿਆ।
ਤੇ ਉੱਚੀ-ਉੱਚੀ ਰੋਵਣ ਲੱਗਾ।
ਮੈਂ ਜੱਫ਼ੀ 'ਚ ਲਿਆ ਤੇ ਕਿਹਾ ਛੇ ਮਹੀਨੇ ਹੋ ਗਏ ਇੱਥੇ ਆਏ ਨੂੰ ਐਦਾਂ ਦਾ ਕੀ ਰਹਿ ਗਿਆ।
"ਉਹੀ ਮੱਕੜੀਆਂ ਬਿੱਲੀਆਂ ਤੇ ਉਹ ਪੰਛੀ"।

www.PunjabiLibrary.com

ਇੱਕ ਹੋ ਜਾਈਏ

ਸੁਣ ਵੇ ਸ਼ਾਇਰਾ।
ਮੈਂ ਤੇ ਤੇਰੀ ਕਵਿਤਾਵਾਂ ਅਕਸਰ ਇਕੱਠੇ ਹੁੰਦੇ ਆਂ।
ਇਕ ਹਨ੍ਹੇਰੇ ਕਮਰੇ 'ਚ।
ਮੈਨੂੰ ਬਹੁਤ ਪਸੰਦ ਐ ਤੇਰਾ ਲਿਖਣਾ।
ਕਿਉਂਕਿ ਇਸਨੂੰ ਪੜ੍ਹਨ ਦੀ ਲੋੜ ਨਹੀਂ ਪੈਂਦੀ।
ਇਹ ਕਵਿਤਾਵਾਂ ਤਾਂ ਮੇਰੇ ਨਾਲ ਗੱਲ੍ਹਾਂ ਕਰਦੀਆਂ ਹਨ।
ਤੂੰ ਇਹਨਾਂ ਨੂੰ ਕਿਸ ਵਿਸ਼ੇ 'ਤੇ ਲਿਖਿਆ ਐ।
ਇਹ ਖ਼ੁਦ ਬੋਲ ਕੇ ਦੱਸਦੀਆਂ ਹਨ।
ਇਹ ਸਦਾ ਹੱਸਦੀਆਂ ਹਨ।
ਦਿਲ ਮੇਰੇ 'ਚ ਵੱਸਦੀਆਂ ਹਨ।

ਇੱਕ ਗੱਲ ਜੋ ਖਟਕਦੀ ਐ ਮੈਨੂੰ।
ਪੀੜਾਂ, ਦਰਦ, ਬਿਰਹੋ ਜੋ ਮੈਂ ਤੈਨੂੰ ਦਿੱਤਾ।
ਉਹ ਕਦੇ ਨਹੀਂ ਸੁਣਿਆ ਮੈਂ ਤੇਰੀ ਕਵਿਤਾਵਾਂ ਦੇ ਮੂੰਹੋਂ।
ਤੇਰੇ ਵੱਲੋਂ ਉਦਾਸੀ ਕਦੇ ਨਹੀਂ ਲਿਖੀ ਗਈ।
ਤੂੰ ਕਿੱਥੇ ਸਾਂਭੀ ਫਿਰਦੈਂ।
ਵਿਛੋੜੇ ਦਾ ਦਰਦ।
ਤੂੰ ਪੱਥਰ ਨਹੀਂ ਇਹ ਵੀ ਜਾਣਦੀ ਆਂ ਮੈਂ।
ਤੇਰੀ ਹਰ ਰਮਜ਼ ਪਛਾਣਦੀ ਆਂ ਮੈਂ।

ਹਰ ਵਾਰ ਜਦ ਤੂੰ ਕੁਝ ਲਿਖਦਾ ਐਂ।
ਮੈਂ ਹਰ ਵਾਰ ਸੋਚਦੀ ਆਂ ਕਿ
ਇਸ ਵਾਰ ਮੇਰੇ ਬਾਰੇ ਹੀ ਲਿਖਿਆ ਹੋਣੈ।
ਪਰ ਹਰ ਵਾਰ ਮੈਂ ਹਾਰ ਜਾਨੀ ਆਂ।
ਮੈਨੂੰ ਲੱਗਦਾ ਮੇਰੇ ਵੱਲੋਂ ਕੋਈ ਕਸਰ ਰਹਿ ਗਈ ਹੋਣੀ।
ਮੇਰਾ ਤੇਰੇ ਹੱਥੋਂ ਲਿਖੇ ਜਾਣ ਦਾ ਦਿਲ ਕਰਦੈ।
ਚੱਲ ਆ ਫਿਰ ਮੈਂ ਤੇ ਤੂੰ ਇੱਕ ਹੋ ਜਾਈਏ।
ਫਿਰ ਸੱਟ ਮਾਰਦੀ ਆਂ ਤੇਰੇ।
ਸ਼ਾਇਦ ਇਸ ਵਾਰ ਤੂੰ ਝੰਜੋੜਿਆਂ ਜਾਵੇਂ।
ਤੇ ਫ਼ਿਰ ਚੁੱਕੇ ਕਲਮ ਤੇ ਦਵਾਤ।
ਤੇ ਲਿਖੇ ਮੇਰੇ ਬਾਰੇ ਇੱਕ ਪੂਰੀ ਰਾਤ।

www.PunjabiLibrary.com

ਆਖ਼ਰੀ ਖ਼ਤ

ਮੇਰੇ ਮਹਿਬੂਬ।
ਮੈਨੂੰ ਮਾਫ਼ ਕਰੀਂ।
ਤੇਰਾ ਹੱਥ ਮੈਂ ਨਹੀਂ ਫੜ੍ਹ ਸਕਦਾ।
ਇੱਕ ਹੱਥ 'ਚ ਮੈਂ ਕਲਮ ਚੱਕੀ ਐ।
ਦੂਜਾ ਹੱਥ ਮੈਂ ਆਪਣੇ ਬਾਪੂ ਵੱਲ ਕੀਤਾ ਐ।
ਜੇ ਮੈਂ ਅੱਜ ਪਿਉ ਦਾ ਹੱਥ ਨਾ ਫ਼ੜਿਆ,
ਤਾਂ ਮੈਨੂੰ ਡਰ ਹੈ ਕਿ ਕੱਲ੍ਹ ਉਹ ਅਖ਼ਬਾਰ ਦੀ ਸੁਰਖ਼ੀ ਨਾ ਬਣ ਜਾਵੇ।
ਮੇਰੇ ਮਹਿਬੂਬ।
ਮੇਰੇ ਘਰ ਕਈ ਵਾਰ ਦਾਣੇ ਵੀ ਨਹੀਂ ਹੁੰਦੇ।
ਤੇ ਮੈਂ ਆਪਣੀ ਮਾਂ ਦਾ ਚਿਹਰਾ ਪੜ੍ਹ ਲੈਂਦਾ ਹਾਂ।
ਤੇ ਮੰਜੇ 'ਤੇ ਪਿਆ ਆਖ਼ਦਾ ਹਾਂ।
ਮਾਂ ਅੱਜ ਮੈਨੂੰ ਜਮ੍ਹਾ ਵੀ ਭੁੱਖ ਨਹੀਂ।
ਮੇਰੇ ਮਹਿਬੂਬ।
ਮੈਂ ਪੜ੍ਹਾਈ ਵੀ ਐਸੇ ਕਰਕੇ ਛੱਡ ਬੈਠਾਂ।
ਕਿ ਉਹੀ ਖਰਚਾ ਕੁਝ ਦਿਨਾਂ ਦੀ ਰਾਹਤ ਦੇ ਦਵੇ ਸਾਨੂੰ।
ਮੈਂ ਤੈਨੂੰ ਰਾਣੀ ਕਿਵੇਂ ਬਣਾ ਸਕਦਾ।
ਮੈਂ ਤਾਂ ਆਪਣੇ ਪਿਉ ਨੂੰ ਰਾਜਾ ਬਣਾਉਣ ਦੀ ਸੋਚੀ ਬੈਠਾਂ।
ਮੇਰੇ ਮਹਿਬੂਬ।
ਮੈਨੂੰ ਰਾਤ ਪਏ ਨੂੰ ਤੇਰੇ ਖਿਆਲ ਜਾਂ ਸੁਫ਼ਨੇ ਨਹੀਂ ਆਉਂਦੇ।
ਮੇਰੇ ਪਿਉ ਦੇ ਝੁਰੜੀਆਂ ਪਏ ਹੱਥ ਮੈਨੂੰ ਰਾਤਾਂ ਨੂੰ ਸੌਣ ਨਹੀਂ ਦਿੰਦੇ।
ਮੇਰੀ ਮਾਂ ਦੀਆਂ ਅੱਖਾਂ ਮੈਨੂੰ ਬੇਚੈਨ ਕਰਦੀਆਂ ਨੇ।
ਮੇਰੇ ਮਹਿਬੂਬ।
ਤੈਨੂੰ ਮੈਂ ਝਾਂਜਰ ਕਿਵੇਂ ਲੈ ਦੇਵਾਂ।
ਮੈਨੂੰ ਮਾਂ ਦਾ ਗਹਿਣੇ ਪਿਆ ਹਾਰ ਛੁਡਵਾਉਣਾ ਐ।
ਜੀ ਟੀ ਰੋਡ ਵਾਲੀ ਰੰਗਲੀ ਕੋਠੀ ਬਾਰੇ ਨਹੀਂ ਸੋਚ ਸਕਦਾ।
ਕੱਚਾ ਘਰ ਜੋ ਚੋਅ ਰਿਹੈ ਉਸਦੀ ਹੀ ਸੋਚ ਮਾਰਦੀ ਐ ਮੈਨੂੰ।
ਮੇਰੇ ਮਹਿਬੂਬ।
ਪਿਆਰ ਤਾਂ ਮੈਂ ਵੀ ਕਰਦਾਂ ਤੈਨੂੰ।

www.PunjabiLibrary.com

ਪਰ ਸਾਡੇ ਤਿੰਨ ਜੀਆਂ 'ਚ ਚੌਥਾ ਜੀਅ ਆ ਗਿਆ ਤਾਂ
ਮੈਨੂੰ ਡਰ ਹੈ ਕਿ ਮਾਂ ਦੀ ਥਾਲ 'ਚ ਪਈ ਇੱਕ ਰੋਟੀ,
ਕਿਤੇ ਅੱਧੀ ਨਾ ਹੋ ਜਾਵੇ।
ਮੇਰੇ ਮਹਿਬੂਬ।
ਮੈਨੂੰ ਮੁਆਫ਼ ਕਰਨਾ।
ਕੱਲ੍ਹ ਪਿਆਰ ਦਾ ਦਿਨ ਸੀ।
ਮੈਂ ਤੇਰੇ ਲਈ ਤੋਹਫ਼ਾ ਲੈਣ ਗਿਆ ਸੀ।
ਪਰ ਬਾਪੂ ਦੀ ਖੰਘ ਦੀ ਦਵਾਈ ਲੈ ਕੇ ਮੁੜ ਆਇਆ।
ਮੈਨੂੰ ਮੁਆਫ਼ ਕਰਨਾ।
ਮੇਰੇ ਮਹਿਬੂਬ।
ਆਹ ਮੇਰਾ ਆਖ਼ਰੀ ਖੱਤ ਐ ਤੈਨੂੰ।
ਪੜ੍ਹ ਕੇ ਇਸਨੂੰ ਸਾੜ ਦਵੀਂ।
ਕਿਤੇ ਸਾਡੀ ਮੁਹੱਬਤ ਹਾਸਾ ਨਾ ਬਣ ਜਾਵੇ।
ਤਮਾਸ਼ਾ ਨਾ ਬਣ ਜਾਵੇ।
ਅਲਵਿਦਾ।

www.PunjabiLibrary.com